# ਅੰਮ੍ਰਿਤ ਕੀਰਤਨ

# Amrit Kirtan

# अमृत कीर्तन

ਅੰਕ 14

ਜੁਲਾਈ 1990




ਡਾ. ਜਾਗੀਰ ਸਿੰਘ

ਆਨਰੇਰੀ ਸੰਪਾਦਕ

# ਤੁਹਾਡੇ ਪੱਤਰ

ਅੰਮ੍ਰਿਤ ਕੀਰਤਨ ਵਿਚ ਸ੍ਰੀ ਟੀ. ਸੀ. ਨਾਗਪਾਲ ਹੋਰਾਂ ਦਾ ਲੇਖ ਪੁਰਾਤਨ ਕੀਰਤਨ-ਕਾਰਾਂ ਦੀ ਦਾਸਤਾਨ ਪੜ੍ਹੀ। ਇਹ ਰਚਨਾ ਕੀਰਤਨ ਦੀ ਪੁਰਾਤਨ ਪਰੰਪਰਾ ਨੂੰ ਬੜੀ ਚੰਗੀ ਤਰ੍ਹਾਂ ਦਰਸਾਉਂਦੀ ਹੈ। ਸਚਮੁਚ ਪੁਰਾਤਨ ਸੰਗੀਤਕਾਰ ਪੀੜ੍ਹੀ ਦਰ ਪੀੜ੍ਹੀ ਤੋਂ ਆਪਣੇ ਹੁਨਰ ਵਿਚ ਪ੍ਰਬੀਨ ਚਲੇ ਆ ਰਹੇ ਸਨ। ਉਹਨਾਂ ਦੀ ਮਧੁਰ ਅਵਾਜ਼ ਤੇ ਲੈਅ ਨੂੰ ਸੁਣਦਿਆਂ ਸਾਰ ਸਰੋਤੇ ਕੀਲੇ ਜਾਂਦੇ ਸਨ। ਅੱਜ ਵੀ ਡੇਹਰਾ ਸਾਹਿਬ ਲਾਹੌਰ ਵਿਖੇ ਭਾਈ ਲਾਲ ਤੇ ਪੁਰਾਤਨ ਰਾਗੀਆਂ ਰਬਾਬੀਆਂ ਤੋਂ ਕੀਰਤਨ ਸੁਣ ਕੇ ਆਨੰਦ ਆ ਜਾਂਦਾ ਹੈ। ਕਾਸ਼ ਦੇਸ਼ ਵੰਡ ਸਮੇਂ ਉਹਨਾਂ ਹੁਨਰਮੰਦਾਂ ਨੂੰ ਭਾਰਤ ਵਿਚ ਹੀ ਰੋਕ ਲਿਆ ਜਾਂਦਾ। ਸਦੀਆਂ ਤੋਂ ਪੁਰਾਤਨ ਰਬਾਬੀ ਘਰਾਣਿਆਂ ਵਿਚੋਂ ਜੀਉਂਦੇ ਕਲਾਕਾਰਾਂ ਨੂੰ ਵਾਹਗਿਓਂ ਪਾਰ ਧੱਕ ਦਿੱਤਾ ਹੈ. ਜਿਹਨਾਂ ਦੇ ਵੱਡੇ ਵਡੇਰੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਦੇ ਦਰਬਾਰ ਵਿਚ ਪੁਰਾਤਨ ਧੁਨੀਆਂ ਨਾਲ ਕੀਰਤਨ ਕਰਕੇ ਆਨੰਦ ਬੰਨ੍ਹ ਦਿੰਦੇ ਸਨ।

ਇਹ ਬੜੀ ਪਿਆਰੀ ਲੋੜੀਂਦੀ ਰਚਨਾ ਦੇ ਰਚਨਹਾਰ ਸ੍ਰੀ ਨਾਗਪਾਲ ਨੂੰ ਮੁਬਾਰਕ ਦਿੰਦੇ ਹਾਂ।

ਪਿਆਰਾ ਸਿੰਘ ਦਾਤਾ
80/14 ਮਾਲਵੀਆ ਨਗਰ, ਨਵੀਂ ਦਿੱਲੀ-110017

'ਅੰਮ੍ਰਿਤ ਕੀਰਤਨ' ਨਾਲ ਮਨ ਨੂੰ ਬਹੁਤ ਖੁਸ਼ੀ ਅਤੇ ਇਕ ਕਿਸਮ ਦੀ ਢਾਰਸ ਮਹਿਸੂਸ ਹੋਈ ਕਿ ਸ਼ੁਕਰ ਹੈ ਪੰਜਾਬੀ ਵਿਚ ਕਿਸੇ ਨੇ ਸੰਗੀਤ ਨੂੰ ਜਾਗ੍ਰਿਤ ਰੱਖਣ ਦਾ ਕੋਈ ਉਪਰਾਲਾ ਮੈਗਜ਼ੀਨ ਰਾਹੀਂ ਕੀਤਾ ਹੈ। ਇਸ ਮੈਗਜ਼ੀਨ ਨਾਲ ਗਿਆਨ ਵਿਚ ਵਾਧਾ ਹੁੰਦਾ ਹੈ ਅਤੇ ਰਾਗੀਆਂ ਬਾਰੇ ਅਤੇ ਸੰਗੀਤ ਪ੍ਰੇਮੀਆਂ ਦੇ ਵਿਚਾਰ ਪੜ੍ਹਨ ਨੂੰ ਮਿਲਦੇ ਹਨ।

ਤੁਸੀਂ ਨਿਰਧਾਰਤ ਰਾਗਾਂ ਵਿਚ ਤਾਂ ਸੁਰ ਲਿਪੀਆਂ ਲਿਖਦੇ ਹੋ ਪਰ ਕੁਝ ਰਾਗ ਐਸੇ ਹਨ ਜੋ ਗੁਰੂ ਗ੍ਰੰਥ ਸਾਹਿਬ ਵਿਚ ਹੈ ਹੀ ਨਹੀਂ ਪਰ ਇਹ ਰਾਗ ਬੜੇ ਮਿੱਠੇ ਹਨ ਜਿਵੇਂ ਭੈਰਵੀ, ਬਾਗੇਸ਼ਰੀ, ਰਾਗੇਸ਼ਰੀ, ਮਾਲਕੌਂਸ, ਭੀਮ ਪਲਾਸੀ ਆਦਿ। ਇਹਨਾਂ ਰਾਗਾਂ ਦੀਆਂ ਸੁਰ ਲਿਪੀਆਂ ਵੀ ਦਿਆ ਕਰੋ।

ਅਮਰੀਕ ਸਿੰਘ
C/o ਸ਼ਾਮ ਜਨਰਲ ਸਟੋਰ, ਮਲਹੋਤਰਾ ਸਟ੍ਰੀਟ ਜੰਮੂ ਤਵੀ

ਅੰਮ੍ਰਿਤ ਕੀਰਤਨ ਮੈਗਜ਼ੀਨ ਨਾਲ ਬਹੁਤ ਵੱਡੀ ਘਾਟ ਪੂਰੀ ਹੋਈ ਹੈ।

ਗਿਆਨੀ ਰਣਜੀਤ ਸਿੰਘ
ਡਿਪਾਰਟਮੈਂਟ ਆਫ ਹਿਊਮਨ ਬਿਆਲੋਜੀ,
ਪੰਜਾਬੀ ਯੂਨੀਵਰਸਟੀ, ਪਟਿਆਲਾ

ਅੰਮ੍ਰਿਤ ਕੀਰਤਨ ਪੜ੍ਹ ਕੇ ਅਤਿਅੰਤ ਖੁਸ਼ੀ ਹੋਈ। ਚੰਗੇ ਚੰਗੇ ਰਾਗੀਆਂ ਇੰਟਰਵਿਊ, ਸ਼ਬਦਾਂ ਦੀ ਵਿਆਖਿਆ ਅਤੇ ਸ਼ਬਦਾਂ ਦੀ ਸਰਗਮ ਲਿਪੀ ਅਨੁਸਾਰ ਪੜ੍ਹਨ ਨੂੰ ਮਿਲਦੀ ਹੈ। ।ਅੰਮ੍ਰਿਤ

(ਬਾਕੀ ਸਫਾ 2 ਤੇ)

# ਅੰਮ੍ਰਿਤ ਕੀਰਤਨ


Amrit Kirtan अमृत कीर्तन

ਅੰਕ 14 ਜੁਲਾਈ 1990



ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਸਹਿਯੋਗੀ

ਡਾ. ਤ੍ਰਿਲੋਚਨ ਸਿੰਘ ਤਰਸੀ

ਡਾ. ਕਰਨੈਲ ਸਿੰਘ ਸੋਮਲ

ਹਰਿਭਜਨ ਸਿੰਘ ਚੌਪੜਾ

ਸ੍ਰ. ਕੁਲਦੀਪ ਸਿੰਘ

ਪ੍ਰੋ. ਸਤਵਿੰਦਰ ਸਿੰਘ

ਚਿਤਰਕਾਰ ; ਗੁਰਦੀਪ ਸਿੰਘ ਦੀਪ



ਚਿੱਠੀ ਪੱਤਰ ਲਈ ਪਤਾ :

**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ,

ਡੀਗੜ੍ਹ-160015

: 24660



**ਚੰਦੇ ਦਾ ਵੇਰਵਾ**

ਇੱਕ ਕਾਪੀ : 5 ਰੁਪਏ

| | |
|---|---|
| ਾ | 50 ਰੁਪਏ |
| ਮੈਂਬਰ | 500 ਰੁਪਏ |
| **ਵਿਦੇਸ਼** | |
| ਸਲਾਨਾ | 500 ਰੁਪਏ |
| ਜੀਵਨ ਮੈਂਬਰ | 5000 ਰੁਪਏ |


## ਵਿਸ਼ਾ ਪੰਨਾ


1. ਤੁਹਾਡੇ ਪੱਤਰ — ਟਾਈਟਲ ਪੰਨਾ 2
2. ਕਰਉ ਬੇਨਤੀਆ — 3
3. ਪੁਰਾਤਨ ਕੀਰਤਨਕਾਰਾਂ ਦੀ ਦਾਸਤਾਨ — ਜੋਗਿੰਦਰ ਸਿੰਘ ਗੁਜਰਾਂਵਾਲੀਆ — 5
4. ਭਗਤੀ ਸੰਗੀਤ ਦੀ ਪਰੰਪਰਾ — ਜੋਧ ਸਿੰਘ — 9
5. ਸੰਗੀਤ ਦਾ ਤ੍ਰਿਸਕਾਰ — ਭਾਈ ਕਰਮ ਸਿੰਘ ਰਤਨ — 14
6. ਮੁਲਾਕਾਤ : ਭਾਈ ਸੱਜਣ ਸਿੰਘ — ਇੰਦਰਜੀਤ ਸਿੰਘ ਗੋਗੋਆਣੀ — 21
7. What is Kirtan ? —Gobind Singh Mansukhan — 23
8. सिख सम्प्रदाय के प्रसिद्ध कीर्तनकार — डा. जोगिन्द्र सिंह बावरा — 26
9. ਰਾਗ ਮਧੁਵੰਤੀ — ਪ੍ਰੋ. ਤਾਰਾ ਸਿੰਘ — 29
10. ਰਾਗ ਬਰਿੰਦਾਬਨੀ ਸਾਰੰਗ — ਭਾਈ ਕੁਲਵੰਤ ਸਿੰਘ ਚੰਦਨ — 31
11. ਕੀਰਤਨ ਕੈਸਟਾਂ — 32
12. ਸੰਗੀਤ ਪੁਸਤਕ — 33
    ਮਨਮੋਹਨ ਸਿੰਘ ਦਾਊਂ — 34



ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

(ਟਾਈਟਲ ਪੰਨੇ ਦੀ ਬਾਕੀ)

ਕੀਰਤਨ ਰਾਗੀਆਂ ਨੂੰ ਸੇਧ ਦਿੰਦਾ ਹੈ। ਇਹ ਹਰ ਰਾਗੀ ਨੂੰ ਪੜ੍ਹਨਾ ਚਾਹੀਦਾ ਹੈ। ਕਿਰਪਾ ਕਰਕੇ ਰਾਗੀਆਂ ਨੂੰ ਰਾਗਾਂ ਵਿਚ ਕੀਰਤਨ ਕਰਨ ਦੀ ਪ੍ਰੇਰਨਾ ਦਿੰਦੇ ਰਹਿਣਾ।

ਗਿਆਨੀ ਮੁਖਤਿਆਰ ਸਿੰਘ 'ਮੌਜੀ' ਰਾਗੀ

ਨੇੜੇ ਗੁਰਦੁਆਰਾ ਸਿੰਘ ਸਭਾ, ਮਲੋਟ

ਅੰਮ੍ਰਿਤ ਕੀਰਤਨ ਮੈਗਜ਼ੀਨ ਬਹੁਤ ਹਰਮਨ ਪਿਆਰਾ ਹੋ ਰਿਹਾ ਹੈ। ਜਿਸਨੂੰ ਵੀ ਪਤਾ ਲਗਦਾ ਹੈ ਉਹ ਮੈਂਬਰ ਬਣਨ ਲਈ ਉਤਾਵਲਾ ਹੋ ਜਾਂਦਾ ਹੈ।

ਕੀਰਤਨ ਕੈਸਟਾਂ ਬਾਰੇ ਪੜਚੋਲੀਆ ਵਿਚਾਰ ਦੇਣੇ ਜਾਰੀ ਰਖਣੇ। ਇਹਨਾਂ ਨਾਲ ਕਾਫੀ ਗਿਆਨ ਪ੍ਰਾਪਤ ਹੁੰਦਾ ਹੈ। ਹਰੇਕ ਐਤਵਾਰ ਰਾਤੀਂ 10 ਵਜੇ ਜਲੰਧਰ ਰੇਡੀਓ ਤੋਂ ਨਿਰਧਾਰਿਤ ਰਾਗਾਂ ਅਨੁਸਾਰ ਕੀਰਤਨ ਹੁੰਦਾ ਹੈ। ਇਸ ਪ੍ਰੋਗਰਾਮ ਵਿਚ ਪਹਿਲਾਂ ਰਿਕਾਰਡ ਕੀਤੇ ਸ਼ਬਦ ਹੀ ਵਾਰ ਵਾਰ ਪੇਸ਼ ਕੀਤੇ ਜਾ ਰਹੇ ਹਨ। ਭਾਵੇਂ ਇਹ ਮਾੜੀ ਗੱਲ ਨਹੀਂ। ਪਰ ਇਸ ਤੋਂ ਪਤਾ ਲਗਦਾ ਹੈ ਕਿ ਰਾਗੀ ਨਿਰਧਾਰਿਤ ਰਾਗਾਂ ਅਨੁਸਾਰ ਗਾਇਨ ਕਰਨ ਵਿਚ ਪ੍ਰਗਤੀ ਨਹੀਂ ਕਰ ਰਹੇ।

ਕਸ਼ਮੀਰਾ ਸਿੰਘ ਹੈਡਮਾਸਟਰ

ਨਿਊ ਸਤਿਨਾਮ ਨਗਰ, ਫਗਵਾੜਾ

# ਕਰਉ ਬੇਨੰਤੀਆ

ਸਾਡੇ ਪਰਮ ਮਿੱਤਰ ਗਿਆਨੀ ਆਵਤ ਸਿੰਘ ਜੀ ਰਾਜਿੰਦਰ ਨਗਰ ਦਿੱਲੀ ਵਿਚ ਕੀਰਤਨ ਦੇ ਪ੍ਰਚਾਰ ਲਈ ਬਹੁਤ ਸ਼ਲਾਘਾ ਯੋਗ ਕਾਰਜ ਕਰ ਰਹੇ ਹਨ। ਉਹਨਾਂ ਨੇ ਗੁਰਬਾਣੀ ਸੰਗੀਤ ਦੇ ਕੁਝ ਪੱਖਾਂ ਬਾਰੇ ਵਿਚਾਰ ਕਰਨ ਲਈ ਕੁਝ ਪ੍ਰਸ਼ਨ ਭੇਜੇ ਹਨ। ਉਹਨਾਂ ਦੇ ਸੰਬੰਧ ਵਿਚ ਤੁਛ ਬੁੱਧੀ ਅਨੁਸਾਰ ਉੱਤਰ ਦੇਣ ਦਾ ਜਤਨ ਕਰਦੇ ਹਾਂ। ਇਹਨਾਂ ਪੱਖਾਂ ਬਾਰੇ ਹੋਰ ਵਿਦਵਾਨਾਂ ਦੇ ਵਿਚਾਰ ਛਾਪਣ ਦਾ ਜਤਨ ਵੀ ਕਰਾਂਗੇ।

ਪ੍ਰਸ਼ਨ ਹੇਠ ਲਿਖੇ ਅਨੁਸਾਰ ਹਨ :

1. ਗੁਰੂ ਨਾਨਕ ਦੇਵ ਜੀ ਨੇ ਰਬਾਬ ਨਾਲ ਕੀਰਤਨ ਕੀਤਾ, ਤਬਲਾ ਵਜਾਉਣ ਵਾਲਾ ਨਹੀਂ ਸੀ। ਕੀਰਤਨ ਕਰਨ ਦੀ ਸ਼ੈਲੀ ਕੀ ਸੀ ?
2. ਗੁਰੂ ਅਰਜਨ ਦੇਵ ਜੀ ਦੇ ਸਮੇਂ ਸਰੰਦੇ ਨਾਲ ਕੀਰਤਨ ਹੁੰਦਾ ਸੀ। ਕੀਰਤਨ ਦੀ ਸ਼ੈਲੀ ਕੀ ਸੀ ?
3. ਦਸਮ ਪਾਤਸ਼ਾਹ ਵੇਲੇ ਦਿਲਰੁਬਾ ਤੇ ਕੀਰਤਨ ਹੋਣ ਲੱਗ ਪਿਆ, ਕੀਰਤਨ ਦੀ ਸ਼ੈਲੀ ਕੀ ਸੀ ?
4. ਅਕਾਲ ਤਖਤ ਤੇ 1950 ਤਕ ਤਾਊਸ ਤੇ ਕੀਰਤਨ ਹੁੰਦਾ ਰਿਹਾ ਮੈਨੂੰ ਪੱਕਾ ਯਾਦ ਹੈ। ਕੀਰਤਨ ਦੀ ਸ਼ੈਲੀ ਕੀ ਸੀ ?
5. ਹਰਮੋਨੀਅਮ ਬਾਰੇ ਜਾਣਕਾਰੀ ਦਿਓ ਭਾਰਤ ਵਿਚ ਕਦੋਂ ਆਇਆ ?
6. ਢਾਡੀ ਜਥੇ ਸਾਰੰਗੀ ਤੇ ਕੀਰਤਨ ਕਰਦੇ ਹਨ।
7. ਹੁਣ ਕੁਝ ਰਾਗੀਆਂ ਨੇ ਮੈਂਡੋਲਿਨ ਨੂੰ ਅਪਣਾਇਆ ਹੈ। ਪਿਛੇ ਇਕ ਸੱਜਣ ਮੈਂਡੋਲਿਨ ਤੇ ਧੁਨ ਵਜਾ ਕੇ ਕੀਰਤਨ ਨੂੰ ਸੁਹਾਵਣਾ ਬਣਾ ਦਿੰਦਾ ਹੈ।
8. ਕਸ਼ਮੀਰ ਵਿਚ ਆਮ ਤੌਰ ਤੇ ਰਬਾਬ ਵਜਾਈ ਜਾਂਦੀ ਹੈ। ਉਹਨਾਂ ਦੀ ਸ਼ੈਲੀ ਤੇ ਧੁਨਾਂ ਤੇ ਮੇਰਾ ਖਿਆਲ ਹੈ ਇਸ ਵੇਲੇ ਜੋ ਸਾਡੀ ਕੀਰਤਨ ਸ਼ੈਲੀ ਹੈ ਰਬਾਬ ਤੇ ਗਾਉਣਾ ਮੁਸ਼ਕਿਲ ਹੈ।
9. ਹੁਣ ਇਲੈਕਟ੍ਰਾਨਿਕ ਵਾਜੇ ਪ੍ਰਚਲਤ ਹੋ ਰਹੇ ਹਨ। ਇਹਨਾਂ ਸਾਰੇ ਪੱਖਾਂ ਬਾਰੇ ਵਿਚਾਰ ਕਰਨੀ ਜੀ।

ਪਹਿਲੇ ਪੰਜ ਨੁਕਤਿਆਂ ਬਾਰੇ ਵਿਚਾਰ ਕਰਦੇ ਹਾਂ। ਕੀਰਤਨ ਦੀ ਸ਼ੈਲੀ ਬਾਣੀ ਦਾ ਰੂਪ, ਸਮਾਂ, ਸਥਾਨ ਅਤੇ ਪ੍ਰਯੋਜਨ ਰਾਹੀਂ ਨਿਸਚਿਤ ਹੁੰਦੀ ਹੈ। ਉਸ ਵਿਚ ਸਰੋਤੇ ਦਾ ਵੀ ਬੜਾ ਮਹੱਤਵ ਹੈ। ਇਸ ਪੱਖ ਤੋਂ ਜੇ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬਾਨ ਨੇ ਸਮੇਂ, ਸਥਾਨ, ਸਰੋਤੇ ਅਤੇ ਪ੍ਰਯੋਜਨ ਪੱਖੋਂ ਭਿੰਨ ਭਿੰਨ ਸ਼ੈਲੀਆਂ ਵਿਚ ਕੀਰਤਨ ਕੀਤਾ ਹੈ। ਇੱਥੇ ਭਗਤੀ ਭਾਵਨਾ ਨੂੰ ਸਹਿਜ ਵਿਚ

ਗਾਉਣ ਵਾਲੀ ਭਜਨ ਸ਼ੈਲੀ ਵਿਚ ਪਦੇ ਹਨ, ਕਲਾਸੀਕਲ ਧਰੁਪਦ ਸ਼ੈਲੀ ਅਨੁਸਾਰ ਗਾਉਣ ਵਾਲੀਆਂ ਪੜਤਾਲਾਂ ਹਨ, ਲੋਕ ਸ਼ੈਲੀ ਵਿਚ ਗਾਉਣ ਲਈ ਲੋਕ ਕਾਵਿ ਰੂਪ, ਛੰਤ, ਘੋੜੀਆਂ, ਅਲਾਹੁਣੀਆਂ ਆਦਿ ਹਨ, ਬੀਰ ਰਸੀ ਸ਼ੈਲੀ ਉੱਤੇ ਗਾਉਣ ਲਈ ਵਾਰਾਂ ਹਨ ਅਤੇ ਸਾਧਾਰਨ ਉਚਾਰਨ ਵਾਸਤੇ ਸਲੋਕ ਸਵਈਏ ਆਦਿ ਹਨ। ਸਰੋਤਿਆਂ ਅਨੁਸਾਰ ਗੁਰੂ ਸਾਹਿਬ ਨੇ ਬੋਲੀ ਰਾਗ ਅਤੇ ਕਾਵਿ-ਰੂਪ ਵੀ ਪ੍ਰਯੋਗ ਕੀਤੇ ਹਨ। ਮੁਸਲਮਾਨਾਂ ਨੂੰ ਉਪਦੇਸ਼ ਦੇਣ ਵੇਲੇ ਫ਼ਾਰਸੀ ਸ਼ਬਦਾਵਲੀ ਦਾ ਪ੍ਰਯੋਗ ਆਮ ਮਿਲਦਾ ਹੈ। ਮੁਸਲਮਾਨੀ ਦੇਸ਼ ਨਾਲ ਸੰਬੰਧਤ ਰਾਗ ਅਤੇ ਕਾਵਿ-ਰੂਪ ਪ੍ਰਯੋਗ ਹੋਏ ਹਨ।

ਗੁਰੂ ਸਾਹਿਬਾਨ ਨੇ ਇਕ ਕਾਵਿ ਰੂਪ ਗਾਉਂਦਿਆਂ ਵੀ ਵੱਖ ਵੱਖ ਸ਼ੈਲੀਆਂ ਦਾ ਮਿਸ਼ਰਨ ਕੀਤਾ ਹੈ। ਆਸਾ ਦੀ ਵਾਰ ਵਿਚ ਛੰਤ, ਸਲੋਕ, ਪਉੜੀ ਗਾਉਣ ਅਤੇ ਪਉੜੀ ਤਬਲੇ ਵਾਲੇ ਵਲੋਂ ਪੜ੍ਹੇ ਜਾਣ ਲਈ ਗਾਇਨ ਦੀਆਂ ਵੱਖ ਵੱਖ ਸ਼ੈਲੀਆਂ ਹਨ। ਇਸ ਤਰ੍ਹਾਂ ਕੀਰਤਨ ਇਕ ਸ਼ੈਲੀ ਵਿਚ ਨਹੀਂ ਸਗੋਂ ਅਲੱਗ ਅਲੱਗ ਸ਼ੈਲੀਆਂ ਵਿਚ ਹੁੰਦਾ ਰਿਹਾ ਹੈ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਕੇਵਲ ਰਬਾਬ ਨਾਲ ਕੀਰਤਨ ਕਰਨ ਦੀ ਪ੍ਰਥਾ ਦੇ ਸੰਕੇਤ ਮਿਲਦੇ ਹਨ ਪਰ ਇਸਦਾ ਅਰਥ ਇਹ ਵੀ ਨਹੀਂ ਕਿ ਉਸ ਵੇਲੇ ਤਾਲ ਸਾਜ਼ ਪ੍ਰਚਲਤ ਨਹੀਂ ਸਨ। ਗੁਰਬਾਨੀ ਵਿਚ ਢੋਲ, ਮਿਰਦੰਗ ਆਦਿ ਤਾਲ ਸਾਜਾਂ ਦੇ ਪ੍ਰਯੋਗ ਹੋਏ ਹਨ। ਰਬਾਬ ਸਾਜ ਐਸਾ ਹੈ ਕਿ ਇਸ ਨਾਲ ਲੈਅ ਵੀ ਬੰਨ੍ਹੀ ਜਾ ਸਕਦੀ ਹੈ। ਇਸ ਉੱਤੇ ਟੁਣਕਾਰ ਦੀ ਲੈਅ ਨਾਲ ਗਾਇਆ ਜਾ ਸਕਦਾ ਹੈ। ਬਾਦ ਵਿਚ ਗੁਰੂ ਘਰ ਵਿਚ ਮਿਰਦੰਗ ਵਜਾਏ ਜਾਣ ਦੇ ਸੰਕੇਤ ਮਿਲਦੇ ਹਨ। ਭਾਈ ਗੁਰਦਾਸ ਜੀ ਸਿੱਖਾਂ ਦੇ ਮਿਰਦੰਗ ਵਜਾਉਣ ਨੂੰ ਉੱਤਮ ਸੇਵਾ ਵਿਚ ਗਿਣਦੇ ਹਨ। ਇਕ ਸਾਖੀ ਵਿਚ ਗੁਰੂ ਤੇਗ ਬਹਾਦਰ ਜੀ ਵੱਲੋਂ ਆਪਣਾ ਨਿੱਜੀ ਮਿਰਦੰਗ ਇਕ ਸਿਖ ਨੂੰ ਇਨਾਮ ਦੇਣ ਦਾ ਹਵਾਲਾ ਵੀ ਆਉਂਦਾ ਹੈ। ਢੱਡ ਵੀ ਆਮ ਪ੍ਰਚਲਤ ਰਹੀ ਹੈ। ਵਾਰਾਂ ਗਾਉਣ ਵੇਲੇ ਇਸ ਦਾ ਪ੍ਰਯੋਗ ਹੁੰਦਾ ਹੋਵੇਗਾ।

ਪੁਰਾਣੇ ਸਾਜਾਂ ਦੀ ਥਾਂ ਨਵੇਂ ਸਾਜਾਂ ਦਾ ਪ੍ਰਚਲਤ ਹੋਣਾ ਕੁਦਰਤੀ ਹੈ। ਮਨੁੱਖ ਆਪਣੀ ਸਹੂਲਤ ਅਨੁਸਾਰ ਨਵੇਂ ਸਾਜ਼ ਬਣਾ ਰਿਹਾ ਹੈ ਅਤੇ ਇਹਨਾਂ ਦਾ ਪ੍ਰਯੋਗ ਕਰ ਰਿਹਾ ਹੈ। ਜੇ ਇਹਨਾਂ ਨਾਲ ਕੀਰਤਨ ਸੁਹਾਵਣਾ ਬਣਦਾ ਹੈ ਤਾਂ ਸ਼ਲਾਘਾ ਯੋਗ ਹੈ। ਵਿਖਾਵੇ ਲਈ ਤਾਂ ਹਰ ਵਸਤੂ ਗਲਤ ਹੀ ਹੈ।

ਲਾਊਡ ਸਪੀਕਰ ਆਦਿ ਕਾਰਨ ਲੋਕਾਂ ਦੀ ਸੁਣਨ ਸ਼ਕਤੀ ਅਤੇ ਗਾਉਣ ਸ਼ਕਤੀ ਵਿਚ ਵੀ ਤਬਦੀਲੀ ਆਈ ਹੈ। ਹੁਣ ਸਹਿਜ ਨਾਲ ਕੀਰਤਨ ਕਰਨਾ ਚੰਗਾ ਸਮਝਿਆ ਜਾਂਦਾ ਹੈ। ਬਹੁਤਾ ਜ਼ੋਰ ਲਾਉਣ ਵਾਲਾ ਕੀਰਤਨ ਦਾ ਇਤਨਾ ਪ੍ਰਭਾਵ ਨਹੀਂ ਪਾ ਸਕਦਾ। ਕਈ ਵਾਰ ਲਾਉਡ ਸਪੀਕਰਾਂ ਕਾਰਨ ਉਹ ਸ਼ੋਰ ਜਾਪਣ ਲਗ ਪੈਂਦਾ ਹੈ।

ਹਰਮੋਨੀਅਮ ਦੀ ਕਾਢ ਹੀ 1840 ਈ. ਵਿਚ ਪੈਰਿਸ ਵਿਖੇ ਨਿਕਲੀ ਦੱਸੀ ਜਾਂਦੀ ਹੈ। ਇਸ ਲਈ ਇਹ 1850 ਤੋਂ ਬਾਦ ਹੀ ਭਾਰਤ ਵਿਚ ਆਇਆ ਹੈ। ਇਹ ਬਾਕੀ ਸੁਰ

# ਪੁਰਾਤਨ ਕੀਰਤਨਕਾਰਾਂ ਦੀ ਦਾਸਤਾਨ

(ਸੰਨ 1901 ਤੋਂ ਹੁਣ ਤਕ ਕੁਝ ਕੰਨੀਂ ਸੁਣੇ ਤੇ ਅੱਖੀ ਡਿੱਠੇ ਪੁਰਾਤਨ ਕੀਰਤਨਕਾਰਾਂ ਦੀ ਦਾਸਤਾਨ)

— ਜੋਗਿੰਦਰ ਸਿੰਘ ਗੁਜਰਾਂਵਾਲੀਆ

ਪੰਥ ਦੇ ਪ੍ਰਸਿੱਧ ਰਾਗੀ ਜਾਂ ਕੀਰਤਨਕਾਰਾਂ ਬਾਰੇ ਕੁਝ ਸੱਜਣਾਂ ਦੇ ਵਿਚਾਰ 'ਅੰਮ੍ਰਿਤ ਕੀਰਤਨ' ਰਸਾਲੇ ਵਿੱਚ ਛਪ ਚੁੱਕੇ ਹਨ। ਜਿਨ੍ਹਾਂ ਰਾਗੀ ਸਿੰਘਾਂ ਬਾਰੇ ਮੈਂ ਇੱਥੇ ਜ਼ਿਕਰ ਕਰਾਂਗਾ, ਉਹਨ੍ਹਾਂ ਵਿਚੋਂ ਕੁਝ ਨੂੰ ਦਾਸ ਨੇ ਬਹੁਤ ਸਮਾਂ ਦੇਖਿਆ ਤੇ ਸੁਣਿਆ ਸੀ ਤੇ ਕੁਝ ਬਾਰੇ ਆਪਣੇ ਬਜ਼ੁਰਗਾਂ ਕੋਲੋਂ ਸੁਣਿਆ ਸੀ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਸੁੰਦਰ ਸਿੰਘ ਜੀ ਆਪਣੇ ਦੌਰ ਦੇ ਬੜੇ ਪ੍ਰਸਿੱਧ ਰਾਗੀ ਹੋਏ ਹਨ। ਜਦ ਡਾਕਟਰ ਰਾਬਿੰਦਰ ਨਾਥ ਟੈਗੋਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਆਏ ਤਾਂ ਉਸ ਵਕਤ ਸੁੰਦਰ ਸਿੰਘ ਜੀ ਦਾ ਰਾਗੀ ਜਥਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰ ਰਿਹਾ ਸੀ। ਡਾਕਟਰ ਟੈਗੋਰ ਸਾਹਿਬ ਨੇ ਉੱਥੇ ਬੈਠ ਕੇ ਉਨ੍ਹਾਂ ਦਾ ਕੀਰਤਨ ਸੁਣਿਆ ਤੇ ਇਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਭਾਈ ਸੁੰਦਰ ਸਿੰਘ ਜੀ ਦੇ ਜਥੇ ਨੂੰ ਸ਼ਾਂਤੀ ਨਿਕੇਤਨ (ਬੰਗਾਲ) ਭੇਜ ਦਿੱਤਾ ਜਾਵੇ ਤੇ ਉਹ ਉੱਥੇ ਹੀ ਕੀਰਤਨ ਕਰਿਆ ਕਰਨ। ਪਰ ਕੁਦਰਤ ਨੂੰ ਕੁਝ ਹੋਰ ਹੀ ਮੰਨਜ਼ੂਰ ਸੀ। ਭਾਈ ਸੁੰਦਰ ਸਿੰਘ ਜੀ ਆਪਣੇ ਰਾਗੀ ਜਥੇ ਸਮੇਤ ਜ਼ਿਲ੍ਹਾ ਗੁਜਰਾਤ (ਪਾਕਿਤਾਨ) ਵਿਚ ਇਕ ਅਕਾਲੀ ਕਾਨਫਰੰਸ ਵਿਚ ਕੀਰਤਨ ਕਰਨ ਲਈ ਜਾ ਰਹੇ ਸਨ ਕਿ ਕੁਝ ਮੀਲ ਪਹਿਲਾਂ ਹੀ ਮੁਸਲਮਾਨਾਂ ਨੇ ਉਨ੍ਹਾਂ ਦੇ ਟਾਂਗੇ ਤੇ ਹਮਲਾ ਕਰ ਦਿੱਤਾ ਤੇ ਭਾਈ ਸੁੰਦਰ ਸਿੰਘ ਜੀ ਸ਼ਹੀਦ ਹੋ ਗਏ। ਉਨ੍ਹਾਂ ਦੀ ਸ਼ਹਾਦਤ ਦਾ ਬਦਲਾ ਲੈਣ ਵਾਸਤੇ ਅੰਮ੍ਰਿਤਸਰ ਦੇ ਸਿੱਖਾਂ ਕੋਲੋਂ ਜੋ ਕੁਝ ਹੋ ਸਕਿਆ ਕੀਤਾ। ਇਸ ਫ਼ਸਾਦ ਵਿਚ ਅੰਮ੍ਰਿਤਸਰ ਦੇ ਸਿੱਖਾਂ ਤੇ ਮੁਸਲਮਾਨਾਂ ਦਾ ਕਾਫ਼ੀ ਜਾਨੀ ਤੇ ਮਾਲੀ ਨੁਕਸਾਨ ਹੋਇਆ।

---

❀ਸਾਜਾਂ ਨਾਲੋਂ ਵਜਾਉਣਾ ਸੌਖਾ ਹੈ। ਬਾਕੀ ਦੇ ਸਾਜਾਂ ਨੂੰ ਸੁਰ ਕਰਨ ਤੇ ਕਾਫੀ ਸਮਾਂ ਲਗ ਜਾਂਦਾ ਹੈ ਪਰ ਇਹ ਸੁਰ ਹੀ ਹੁੰਦਾ ਹੈ। ਇਲੈਕਟ੍ਰਾਨਿਕ ਸਾਜ਼ ਹਰਮੋਨੀਅਮ ਦਾ ਹੀ ਅਗਲੇਰਾ ਰੂਪ ਹਨ। ਇਹਨਾਂ ਰਾਹੀਂ ਲੋੜ ਅਨੁਸਾਰ ਹੋਰ ਸਾਜ਼ਾਂ ਦੇ ਪ੍ਰਭਾਵ ਵੀ ਵਿਖਾਏ ਜਾ ਸਕਦੇ ਹਨ।

ਇਹ ਸਾਰਾ ਕੁਝ ਠੀਕ ਹੈ ਪਰ ਕੀਰਤਨ ਵਿਚ ਬਹੁਤ ਜ਼ਰੂਰੀ ਵਸਤੂ ਹੈ ਮਨੁੱਖ ਦੇ ਗਲੇ ਦੀ ਸੁਰ ਅਤੇ ਉਸਦੀ ਲੈਅ ਅਤੇ ਪਕੜ। ਸਾਰੇ ਚੰਗੇ ਸਾਜ਼ਾਂ ਦੇ ਹੁੰਦਿਆਂ ਜੇ ਗਲਾ ਰਿਆਜ਼ੀ ਨਹੀਂ, ਲੈਅ ਦੀ ਪਕੜ ਨਹੀਂ ਤਾਂ ਸਭ ਸੁਆਦ ਫਿੱਕੇ ਪੈ ਜਾਣਗੇ। ਇਸ ਉੱਤੇ ਹੁਣ ਵੀ ਪਹਿਲਾਂ ਜਿੰਨੀ ਮਿਹਨਤ ਕਰਨ ਦੀ ਲੋੜ ਹੈ। (ਬਾਕੀ ਫਿਰ)

ਜਾਗੀਰ ਸਿੰਘ

ਭਾਈ ਸ਼ੇਰ ਸਿੰਘ ਜੀ ਗੁਜਰਾਂਵਾਲਾ (ਪਾਕਿਸਤਾਨ) ਦੇ ਰਹਿਣ ਵਾਲੇ ਸਨ। ਉਸ ਵਕਤ ਇਹ ਰਿਵਾਜ ਪ੍ਰਚਲਿਤ ਸੀ ਕਿ ਰਾਗੀ ਸਿੰਘ ਜੰਜ ਜਾਂ ਬਰਾਤ ਨਾਲ ਹੀ ਜਾਂਦੇ ਸਨ, ਭਾਵੇਂ ਬਰਾਤ ਨੇ ਕਿਸੇ ਹੋਰ ਦੂਸਰੇ ਸ਼ਹਿਰ ਹੀ ਜਾਣਾ ਹੁੰਦਾ ਸੀ। ਉਹਨਾਂ ਦਿਨ੍ਹਾਂ ਵਿਚ ਰਾਤ ਨੂੰ ਬਰਾਤ ਚੜ੍ਹਦੀ ਸੀ ਤੇ ਇਕ ਰੇੜ੍ਹੀ ਤੇ ਸਾਜ਼ ਰੱਖ ਕੇ ਰਾਗੀ ਸਿੰਘ ਰਾਹ ਵਿਚ ਵੀ ਵੱਡੇ ਵੱਡੇ ਬਾਜ਼ਾਰਾਂ ਜਾਂ ਚੌਕਾਂ ਵਿਚ ਕੁਝ ਸਮਾਂ ਕੀਰਤਨ ਕਰਿਆ ਕਰਦੇ ਸਨ। ਭਾਈ ਸ਼ੇਰ ਸਿੰਘ ਜੀ ਦਾ ਕੀਰਤਨ ਸੁਣਨ ਵਾਸਤੇ ਹਿੰਦੂ ਸਿੱਖਾਂ ਤੋਂ ਇਲਾਵਾ ਮੁਸਲਮਾਨ ਮਰਦ ਤੇ ਔਰਤਾਂ ਵੀ ਬੜੀ ਵੱਡੀ ਗਿਣਤੀ ਵਿਚ ਪਹੁੰਚਦੇ ਸਨ ਤੇ ਦਾਦ ਦਿੰਦੇ ਸਨ। ਭਾਈ ਸਾਹਿਬ ਸਮੁੰਦ ਸਿੰਘ ਜੀ, ਜੋ ਭਾਈ ਸ਼ੇਰ ਸਿੰਘ ਜੀ ਤੋਂ ਬਾਅਦ ਪ੍ਰਸਿੱਧ ਹੋਏ, ਉਨ੍ਹਾਂ ਦਾ ਸਟਾਈਲ ਵੀ ਭਾਈ ਸ਼ੇਰ ਸਿੰਘ ਜੀ ਵਾਲਾ ਸੀ।

ਸ੍ਰੀ ਪੰਜਾ ਸਾਹਿਬ (ਪਾਕਿਸਤਾਨ) ਦੇ ਹਜ਼ੂਰੀ ਰਾਗੀ ਭਾਈ ਮੁਖਤਾਰ (ਰਬਾਬੀ) ਦਾ ਵੀ ਆਪਣਾ ਵੱਖਰਾ ਹੀ ਅੰਦਾਜ਼ ਸੀ। ਪਾਕਿਸਤਾਨ ਬਣਨ ਤੋਂ ਬਾਅਦ ਉਹ ਉੱਥੇ ਹੀ ਰਹਿ ਗਏ ਸਨ। ਨਵੰਬਰ 1955 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਉਤਸਵ ਦੇ ਸੰਬੰਧ ਵਿਚ ਜੋ ਯਾਤਰੀ ਜਥਾ ਸ੍ਰੀ ਨਨਕਾਣਾ ਸਾਹਿਬ ਗਿਆ ਸੀ; ਦਾਸ ਵੀ ਉਸ ਵਿਚ ਸ਼ਾਮਿਲ ਸੀ। ਜਥਾ ਸ਼ਾਮ ਕੋਈ ਪੰਜ ਵਜੇ ਦੇ ਕਰੀਬ ਉੱਥੇ ਪਹੁੰਚਿਆਂ ਸੀ। ਦਾਸ ਤਕਰੀਬਨ ਸਾਢੇ ਕੁ ਛੇ ਵਜੇ ਜਦੋਂ ਗੁਰਦੁਆਰਾ ਸਾਹਿਬ ਤੋਂ ਆਇਆ ਤਾਂ ਉੱਥੇ ਅੱਗੇ ਭਾਈ ਮੁਖਤਾਰ ਆਪ ਖੜ੍ਹੇ ਸਨ। ਚੂੰਕਿ ਮੈਂ ਉਨ੍ਹਾਂ ਨੂੰ ਪਛਾਣਦਾ ਸਾਂ ਤੇ ਮੈਂ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਕਹੀ। ਉਨ੍ਹਾਂ ਦੇ ਲਿਬਾਸ ਤੇ ਸਿਹਤ ਤੋਂ ਪਤਾ ਲਗਦਾ ਸੀ ਕਿ ਉੱਥੇ ਉਨ੍ਹਾਂ ਦੀ ਹਾਲਤ ਚੰਗੀ ਨਹੀਂ ਸੀ। ਮੈਨੂੰ ਕਹਿਣ ਲੱਗੇ ਕਿ ਜਥੇ ਵਿਚੋਂ ਉਨ੍ਹਾਂ ਨੂੰ ਹੋਰ ਕਿਸੇ ਨੇ ਨਹੀਂ ਪਛਾਣਿਆ ਭਾਵੇਂ ਉਹ ਕਾਫੀ ਦੇਰ ਦੇ ਉੱਥੇ ਪਹੁੰਚੇ ਹੋਏ ਸਨ। ਉਨ੍ਹਾਂ ਹੋਰ ਕਿਹਾ ਕਿ ਦੇਸ਼ ਦੀ ਵੰਡ ਤੋਂ ਬਾਅਦ ਉਹ ਬਹੁਤ ਪ੍ਰੇਸ਼ਾਨ ਹਨ। ਮੁਸਲਮਾਨ ਉਨ੍ਹਾਂ ਨੂੰ ਕਹਿੰਦੇ ਸਨ ਕਿ ਤੁਸੀਂ ਕਾਫਰਾਂ ਦੀ ਬਾਣੀ ਪੜ੍ਹਦੇ ਹੋ ਤੇ ਸਾਡੇ ਨਾਲ ਤੁਹਾਡਾ ਕੋਈ ਵਾਸਤਾ ਨਹੀਂ। ਜਦ ਦਾ ਪਾਕਿਸਤਾਨ ਬਣਿਆ ਹੈ, ਕੀਰਤਨ ਕਰਨਾ ਛੱਡ ਦਿੱਤਾ ਹੈ। ਉਨ੍ਹਾਂ ਹੋਰ ਦੱਸਿਆ ਕਿ ਰੋਜ਼ੀ ਰੋਟੀ ਵਾਸਤੇ ਉਨ੍ਹਾਂ ਨੇ ਬਿਜਲੀ ਦਾ ਕੁਝ ਕੰਮ ਸਿਖ ਕੇ ਬਿਜਲੀ ਦੇ ਸਰਕਾਰੀ ਮਹਿਕਮੇ ਵਿਚ ਬਤੌਰ ਲਾਈਨ ਮੈਨ ਦੇ ਨੌਕਰੀ ਸ਼ੁਰੂ ਕੀਤੀ ਹੈ। ਮੈਂ ਉਨ੍ਹਾਂ ਦੀ ਵਾਰਤਾ ਸੁਣ ਕੇ ਕਾਫੀ ਅਫਸੋਸ ਹੋਇਆ। ਉਨ੍ਹਾਂ ਨੇ ਮੈਨੂੰ ਕਿਹਾ ਕਿ ਤੁਸੀਂ ਕੀਰਤਨ ਦਾ ਸਮਾਂ ਦਿਵਾਓ। ਸਾਡੇ ਯਾਤਰੀ ਜਥੇ ਦੇ ਜਥੇਦਾਰ ਸਰਦਾਰ ਪ੍ਰਕਾਸ਼ ਸਿੰਘ ਜੀ ਬਾਦਲ ਸਨ ਤੇ ਸਟੇਜ ਸਕੱਤਰ ਦੀ ਡਿਊਟੀ ਸਰਦਾਰ ਤਰਲੋਕ ਸਿੰਘ ਜੀ 'ਘੁੰਮਣ' ਕਰਦੇ ਸਨ। ਮੈਂ ਭਾਈ ਮੁਖਤਾਰ ਦਾ ਤੁਆਰਫ ਘੁੰਮਣ ਸਾਹਿਬ ਨਾਲ ਕਰਵਾਇਆ ਤੇ ਉਨ੍ਹਾਂ ਨੂੰ ਵਕਤ ਦੇਣ ਵਾਸਤੇ ਬੇਨਤੀ ਕੀਤੀ। ਘੁੰਮਣ ਸਾਹਿਬ ਨੇ ਕਿਹਾ ਕਿ ਭਾਈ ਸਾਹਿਬ ਤੁਸੀਂ ਤੁਸੀਂ ਕਲ੍ਹ ਸਵੇਰੇ ਪੌਣਾ ਘੰਟਾ ਕੀਰਤਨ ਕਰ ਲੈਣਾ; ਭਾਈ ਹਰੀ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਪਹਿਲਾਂ ਕਰ ਲੈਣਗੇ। ਦੂਸਰੇ ਦਿਨ ਭਾਈ

ਮੁਖਤਾਰ ਆਪਣੇ ਸਾਥੀਆਂ ਸਮੇਤ ਰਾਗੀ ਸਿੰਘਾਂ ਵਾਲੇ ਲਬਾਸ ਤੇ ਗਲ੍ਹ ਵਿਚ ਪੱਲੇ ਪਾ ਕੇ ਪਹੁੰਚ ਗਏ ਤੇ ਕੀਰਤਨ ਕੀਤਾ। ਕੀਰਤਨ ਸੁਣਨ ਤੋਂ ਬਾਅਦ ਘੁੰਮਣ ਸਾਹਿਬ ਨੇ ਰਾਤ ਨੂੰ ਤੇ ਫਿਰ ਗੁਰਪੂਰਬ ਵਾਲੇ ਦਿਨ ਉਨ੍ਹਾਂ ਦਾ ਵੀ ਪ੍ਰੋਗਰਾਮ ਰੱਖਿਆ, ਜੋ ਕਿ ਲਾਹੌਰ ਰੇਡਿਓ ਸਟੇਸ਼ਨ ਤੋਂ ਵੀ ਬਰਾਡਕਾਸਟ ਹੋਇਆ। ਜਥੇ ਤੋਂ ਇਲਾਵਾ ਸਿੰਧ, ਪਿਸ਼ਾਵਰ, ਅਫਗਾਨਿਸਤਾਨ ਤੇ ਹੋਰ ਇਲਾਕਿਆਂ ਤੋਂ ਵੀ ਸੰਗਤਾਂ ਪਹੁੰਚ ਗਈਆਂ ਸਨ ਤੇ ਗਿਣਤੀ ਲਗਭਗ ਪੰਜ ਹਜ਼ਾਰ ਦੇ ਕਰੀਬ ਹੋ ਗਈ ਸੀ। ਸਭ ਨੇ ਭਾਈ ਮੁਖਤਾਰ ਜੀ ਨੂੰ ਸ਼ਬਦ ਭੇਟ ਅਰਦਾਸ ਕਰਾਈ ਤੇ ਉਹ ਬੜੇ ਹੀ ਖੁਸ਼ ਹੋ ਕੇ ਉੱਥੋਂ ਵਿਦਿਆ ਹੋਏ। ਇਸੇ ਤਰ੍ਹਾਂ ਆਪਣੇ ਵਕਤ ਦੇ ਹੋਰ ਵੀ ਬਹੁਤ ਸਾਰੇ ਰਾਗੀ ਸਿੰਘ ਹੋਏ ਹਨ ਜਿਨ੍ਹਾਂ ਵਿਚੋਂ ਭਾਈ ਸਰਮੁਖ ਸਿੰਘ, ਗੁਰਮੁਖ ਸਿੰਘ ਜੀ ਫਕਰ, ਭਾਈ ਸਮੁੰਦ ਸਿੰਘ ਜੀ, ਭਾਈ ਚਾਂਦ ਜੀ ਦਾ ਨਾਮ ਵਿਸ਼ੇਸ਼ ਵਰਨਣ ਯੋਗ ਹੈ। ਭਾਈ ਚਾਂਦ ਜੀ ਨੇ ਹਰਮੋਨੀਅਮ ਜਾਂ ਹੋਰ ਕੋਈ ਸਾਜ਼ ਵਜਾਉਣਾ ਛੱਡ ਦਿੱਤਾ ਸੀ। ਉਹ ਪ੍ਰਮਾਣ ਦੇਣ ਵਿਚ ਬਹੁਤ ਹੀ ਮਾਹਿਰ ਗਿਣੇ ਜਾਂਦੇ ਸਨ। ਕੀਰਤਨ ਦੌਰਾਨ ਇਕ ਤੁਕ ਤੇ ਡੇਢ ਦੋ ਘੰਟੇ ਤੱਕ ਪ੍ਰਮਾਣ ਦਿੰਦੇ ਰਹਿੰਦੇ ਸਨ। ਖਾਸ ਗੱਲ ਇਹ ਸੀ ਕਿ ਪ੍ਰਮਾਣ ਬਹੁਤ ਢੁੱਕਵੇਂ ਹੁੰਦੇ ਸਨ। ਉਹਨਾਂ ਦਿਨ੍ਹਾਂ ਵਿਚ ਆਮ ਤੌਰ ਤੇ ਕਿਹਾ ਜਾਂਦਾ ਸੀ ਕਿ ਭਾਈ ਚਾਂਦ ਜੀ ਨੂੰ ਸਾਰਾ ਗੁਰੂ ਗ੍ਰੰਥ ਸਾਹਿਬ ਜ਼ਬਾਨੀ ਯਾਦ ਸੀ। ਉਹ ਅੱਖਾਂ ਖੋਲ੍ਹ ਕੇ ਕੀਰਤਨ ਕਰਦੇ ਸਨ ਤੇ ਹਜ਼ਾਰਾਂ ਦੀ ਗਿਣਤੀ ਵਿਚ ਬੈਠੀ ਸੰਗਤ ਨੂੰ ਲਗਾਤਾਰ ਵੇਖਦੇ ਸਨ ਤੇ ਸੰਗਤਾਂ ਬੜੇ ਹੀ ਗੌਰ ਨਾਲ ਸੁਣਦੀਆਂ ਸਨ। ਜੇ ਸੰਗਤ ਵਿਚੋਂ ਕੋਈ ਸੱਜਣ ਕਿਸੇ ਨਾਲ ਗੱਲ ਕਰੇ ਤਾਂ ਭਾਈ ਚਾਂਦ ਪ੍ਰਮਾਣ ਦਿੰਦੇ ਦਿੰਦੇ ਕਹਿ ਦਿੰਦੇ ਸਨ 'ਧਿਆਨ ਦੇਣਾ ਜੀ'। ਉਨ੍ਹਾਂ ਦੇ ਸਾਥੀ ਹਰਮੋਨੀਅਮ ਤੇ ਤਬਲਾ ਆਦਿ ਵਜਾਉਂਦੇ ਸਨ ਅਤੇ ਆਪ ਉਹ ਦੋਨਾਂ ਹੱਥਾਂ ਨਾਲ ਇਸ਼ਾਰਿਆਂ ਰਾਹੀਂ ਬਾਣੀ ਦਾ ਪ੍ਰਭਾਵ ਦਰਸਾਉਂਦੇ ਸਨ। ਦੇਸ਼ ਦੀ ਵੰਡ ਸਮੇਂ ਭਾਈ ਚਾਂਦ ਵੀ ਪਾਕਿਸਤਾਨ ਚਲੇ ਗਏ ਤੇ ਉੱਥੇ ਉਨ੍ਹਾਂ ਦੀ ਜ਼ਿੰਦਗੀ ਵੀ ਚੰਗੀ ਹਾਲਤ ਵਿਚ ਨਹੀਂ ਸੀ ਗੁਜ਼ਰੀ ਜਿਵੇਂ ਕਿ ਭਾਈ ਮੁਖਤਾਰ ਕੋਲੋਂ ਪਤਾ ਲੱਗਾ ਸੀ। ਜੇ ਸਾਰੇ ਰਬਾਬੀ ਇਧਰ ਹੀ ਰਹਿ ਜਾਂਦੇ ਤੇ ਗੁਰੂ ਘਰ ਨਾਲ ਸੰਬਧਿਤ ਰਹਿੰਦੇ ਤਾਂ ਪਹਿਲਾਂ ਵਾਂਗ ਹੀ ਇਹਨਾਂ ਤੇ ਗੁਰੂ ਦੀ ਮਿਹਰ ਬਣੀ ਰਹਿੰਦੀ। ਸਮੇਂ ਸਮੇਂ ਕੋਈ ਨਾ ਕੋਈ ਰਾਗੀ ਜਥਾ ਬਣਦਾ ਰਹਿੰਦਾ ਹੈ ਤੇ ਆਪਣਾ ਪ੍ਰਭਾਵ ਬਣਾ ਲੈਂਦਾ ਹੈ। ਦੇਸ਼ ਦੀ ਵੰਡ ਤੋਂ ਬਾਅਦ ਭਾਈ ਤਰਲੋਚਨ ਸਿੰਘ ਜੀ, ਭਾਈ ਅੰਗਦ ਸਿੰਘ ਜੀ, ਭਾਈ ਪਿਆਰਾ ਸਿੰਘ ਜੀ ਦੇ ਰਾਗੀ ਜਥਿਆਂ ਦਾ ਕਾਫੀ ਪ੍ਰਭਾਵ ਰਿਹਾ ਹੈ। ਅਗੋਂ ਵੀ ਵਾਹਿਗੁਰੂ ਆਪਣੀ ਮਿਹਰ ਦਾ ਸਦਕਾ ਕੀਰਤਨ ਦੇ ਪ੍ਰਵਾਹ ਨੂੰ ਜਾਰੀ ਰੱਖਣ ਲਈ ਆਪਣਿਆਂ ਸੇਵਕਾਂ ਨੂੰ ਉੱਦਮ ਤੇ ਬਲ ਬਖਸ਼ਣ ਤੇ ਡਾਕਟਰ ਜਾਗੀਰ ਸਿੰਘ ਜੀ, ਜਿਨ੍ਹਾਂ ਨੇ 'ਅੰਮ੍ਰਿਤ ਕੀਰਤਨ' ਦੇ ਨਾਮ ਤੇ ਰਸਾਲਾ ਕੱਢਿਆ ਹੈ, ਰਸਾਲੇ ਨੂੰ ਜਾਰੀ ਰੱਖਣ ਲਈ ਉਤਸ਼ਾਹ ਬਣਾਈ ਰੱਖਣ।

807, ਸੈਕਟਰ 38-ਏ
ਚੰਡੀਗੜ੍ਹ

# ਭਗਤੀ ਸੰਗੀਤ ਦੀ ਪਰੰਪਰਾ

## ਸ਼ਬਦ-ਕੀਰਤਨ

**—ਸ: ਜੋਧ ਸਿੰਘ**

ਮਹਾਰਾਜਾ ਰਣਜੀਤ ਸਿੰਘ ਨੂੰ ਗੁਰਬਾਣੀ ਕੀਰਤਨ ਸੁਣਨ ਦਾ ਬੜਾ ਪ੍ਰੇਮ ਸੀ। ਉਹ ਨੇਮ ਨਾਲ ਸਮੇਂ ਸਮੇਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਰਸ਼ਨ ਕਰਨ ਲਈ ਉਚੇਚਾ ਲਾਹੌਰ ਤੋਂ ਆਉਂਦੇ ਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਬੈਠ ਕੇ ਕੀਰਤਨ ਦਾ ਆਨੰਦ ਪ੍ਰਾਪਤ ਕਰਦੇ। ਉਨ੍ਹਾਂ ਦੇ ਰਾਜ ਕਾਲ ਵਿਚ ਕੀਰਤਨੀਏ ਭਾਈ ਮਨਸਾ ਸਿੰਘ ਬੜਾ ਉਚਾ ਸੁੱਚਾ ਗੁਰਮੁਖਾਂ ਵਾਲਾ ਜੀਵਨ ਬਤੀਤ ਕਰਦੇ ਸਨ। ਉਨ੍ਹਾਂ ਦੇ ਉੱਚ ਕੋਟੀ ਦੇ ਰਾਗ ਤੇ ਡੂੰਘੇ ਤਿਆਗ ਸਦਕਾ ਉਨ੍ਹਾਂ ਦੇ ਬਚਨਾਂ ਨੂੰ ਕਦੇ ਕੋਈ ਮੋੜਦਾ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ ਭਾਈ ਮਨਸਾ ਸਿੰਘ ਜੀ ਦੇ ਪ੍ਰੇਮ ਤਿਆਗ ਤੇ ਕੀਰਤਨ ਦੀ ਸਿਫ਼ਤ ਸਲਾਹ ਨਾਲ ਡੂੰਘੇ ਪ੍ਰੇਰੇ ਤੇ ਪ੍ਰਭਾਵਿਤ ਹੋਏ ਲਾਹੌਰ ਤੋਂ ਸ੍ਰੀ ਅੰਮ੍ਰਿਤਸਰ ਇਹ ਖਿਆਲ ਲੈ ਕੇ ਪੁੱਜੇ ਕਿ ਉਹ ਉੱਚ ਕੋਟੀ ਦੇ ਗੁਰਮੁਖ ਕੀਰਤਨੀ ਸਿੰਘ ਨੂੰ ਸੋਨੇ ਚਾਂਦੀ ਦੀ ਬੇਅੰਤ ਭੇਟਾ ਦੇ ਕੇ ਮਾਲਾ ਮਾਲ ਕਰ ਦੇਣਗੇ ਤਾਂ ਜੋ ਉਸ ਨੂੰ ਕਿਸੇ ਦੁਨਿਆਵੀ ਲੋੜ ਦਾ ਫ਼ਿਕਰ ਨਾ ਸਤਾਏ।

ਤਿਆਗੀ ਕੀਰਤਨੀਏ ਭਾਈ ਮਨਸਾ ਸਿੰਘ ਜੀ ਨੇ ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਅਸ਼ਰਫੀਆਂ ਨਾਲ ਭਰੇ ਥਾਲ ਲੈ ਅਪਣੇ ਘਰ ਆਉਂਦਿਆਂ ਵੇਖਿਆ ਤਾਂ ਆਪਣੇ ਘਰ ਦਾ ਬੂਹਾ ਬੰਦ ਕਰ ਲਿਆ ਤੇ ਕਿਹਾ ਕਿ ਆਪ ਦੇ ਚਰਨਾਂ ਵਿਚ ਲਛਮੀ ਤਥਾ ਦੌਲਤ ਦੀ ਦੇਵੀ ਦਾ ਨਿਵਾਸ ਹੈ। ਇਸ ਦੌਲਤ ਦੇ ਮੇਰੇ ਘਰ ਆਉਣ ਨਾਲ ਗੁਰੂ ਬਾਣੀ ਦੇ ਕੀਰਤਨ ਵਿਚ ਜੋ ਪ੍ਰੇਮ ਤੇ ਰੂਹਾਨੀ ਰਸ ਹੈ ਉਹ ਘਟ ਜਾਏਗਾ। ਮੇਰੇ ਪਾਸ ਮੇਰੇ ਕੀਰਤਨ ਦੇ ਆਨੰਦ ਦੀ ਦੌਲਤ ਹੀ ਰਹਿਣ ਦਿਉ। ਇਸ ਇਤਿਹਾਸਕ ਉਦਾਹਰਨ ਤੋਂ ਕੀਰਤਨ ਦੀ ਗੁਰਸਿੱਖੀ ਵਿਚ ਮਹੱਤਤਾ, ਕੀਰਤਨੀਏ ਦੀ ਆਤਮਿਕ ਅਵਸਥਾ ਤੇ ਕੀਰਤਨ ਨਾਲ ਮਹਾਰਾਜਾ ਰਣਜੀਤ ਸਿੰਘ ਤਥਾ ਸਧਾਰਨ ਸਿੱਖਾਂ ਦੇ ਪਿਆਰ ਤੇ ਸਤਿਕਾਰ ਦਾ ਅਨੁਮਾਨ ਲਾਇਆ ਜਾ ਸਕਦਾ ਹੈ।

ਸਿੱਖ ਧਰਮ ਵਿਚ ਗੁਰਬਾਣੀ ਦੇ ਕੀਰਤਨ ਨੂੰ ਜੋ ਮਹੱਤਤਾ, ਪ੍ਰਦਾਨ ਹੈ, ਉਹ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ। ਸਿੱਖੀ ਦੇ ਸੋਮੇਂ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਾਰੀ ਰਚਨਾ ਰਾਗ ਬੱਧ ਕਵਿਤਾ ਵਿਚ ਹੈ। ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਸ਼ਬਦ 31 ਰਾਗਾਂ ਵਿਚ ਹਨ ਤੇ ਉਨ੍ਹਾਂ ਵਿਚ ਭਾਰਤੀ ਸੰਗੀਤ ਦੇ ਬੇਸ਼ੁਮਾਰ ਪ੍ਰਚਲਤ ਪ੍ਰਕਾਰ ਹਨ। ਇਨ੍ਹਾਂ 31 ਰਾਗਾਂ ਦੇ ਨਾਮ ਹਨ ਸਿਰੀ, ਮਾਝ, ਗਉੜੀ, ਆਸਾ, ਗੂਜਰੀ ਦੇਵਗੰਧਾਰੀ ਬਿਹਾਗੜਾ, ਵਡਹੰਸ, ਸੋਰਠ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ,

ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ ਤੇ ਜੈਜੈਵੰਤੀ ਇਨ੍ਹਾਂ ਰਾਗਾਂ ਵਿਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ 19 ਰਾਗਾਂ ਵਿਚ ਰਚਨਾ ਕੀਤੀ ਹੈ ਤੇ ਅਪਣੇ ਤੀਜੇ ਸਰੂਪ ਸ੍ਰੀ ਗੁਰੂ ਅਮਰਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, ਚੌਥੇ ਤੇ ਪੰਜਵੇਂ ਸਰੂਪ ਵਿਚ 30 ਰਾਗਾਂ ਵਿਚ ਬਾਣੀ ਉਚਾਰੀ ਹੈ। ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਭਗਤ ਕਬੀਰ, ਰਵਿਦਾਸ ਤੇ ਨਾਮ ਦੇਵ ਜੀ ਆਦਿ ਦੀ ਬਾਣੀ ਵੀ ਰਾਗਾਂ ਵਿਚ ਰਚੀ ਹੈ। ਸਿੱਖ ਇਤਿਹਾਸ ਅਨੁਸਾਰ ਗੁਰਬਾਣੀ ਦੇ ਪ੍ਰਥਮ, ਪ੍ਰਮੁੱਖ, ਸਰਵ ਸ੍ਰੇਸ਼ਟ ਤੇ ਪਵਿਤਰ ਕਵੀ ਤਥਾ ਰਚਨਹਾਰ ਸ੍ਰੀ ਗੁਰੂ ਨਾਨਕ ਦੇਵ ਜੀ ਹਨ ਤੇ ਉਹ ਹੀ ਪਹਿਲੇ ਕੀਰਤਨੀਏ ਹਨ। ਉਨ੍ਹਾਂ ਦੇ ਇਸ ਇਲਾਹੀ ਨਾਦ ਵਿਚ ਉਸ ਸਮੇਂ ਦੇ ਪ੍ਰਸਿੱਧ ਸਾਜ਼ ਰਬਾਬ ਨਾਲ ਸੰਗਤ ਕਰਨ ਵ ਲੇ ਸਨ ਭਾਈ ਮਰਦਾਨਾ। ਕੀਰਤਨ ਦੇ ਦਾਤਾ ਸਤਿਗੁਰੂ ਨਾਨਕ ਦੇਵ ਜਦ ਰੱਬੀ ਮਸਤੀ ਵਿਚ ਝੂਮਦੇ ਤੇ ਇਲਾਹੀ ਬਾਣੀ ਕਵਿਤਾ ਦੇ ਰੂਪ ਵਿਚ ਮੁਖਾਰਬਿੰਦ ਤੇ ਆਉਂਦੀ ਤਾਂ ਆਪਣੇ ਸਫਰ ਦੇ ਸੰਗੀਤਕਾਰ ਸਦੀਵੀ ਸਾਥੀ ਭਾਈ ਮਰਦਾਨਾ ਨੂੰ ਕਹਿੰਦੇ :—

''ਮਰਦਾਨਿਆ ਛੇੜ ਰਬਾਬ
ਬਾਣੀ ਆਈ ਹੈ''।

ਤੇ ਫਿਰ ਸਮੇਂ ਅਨੁਸਾਰ ਰਾਗਾਂ ਵਿਚ ਗਾਈ ਗਈ ਇਸ ਬਾਣੀ ਨਾਲ ਜਦ ਭਾਈ ਮਰਦਾਨੇ ਦੀ ਰਬਾਬ ਇਕ ਸੁਰ ਹੁੰਦੀ ਤਾਂ ਜੂਹਾਂ, ਜੰਗਲ ਇਲਾਹੀ ਕੀਰਤਨ ਨਾਲ ਗੂੰਜ ਉਠਦੇ ਜਿਹੜਾ ਰਾਗ ਬੱਧ ਸੰਗੀਤ ਕੁਦਰਤ ਨੂੰ ਕੀਲ ਕੇ ਆਪਣੇ ਅਸਰ ਨਾਲ ਮੀਂਹ ਵਸਾ ਸਕਦਾ ਹੈ ਅਗਨੀ ਚਮਕਾ ਸਕਦਾ ਹੈ, ਸਰਪ ਨੂੰ ਝੁਮਾ ਸਕਦਾ ਹੈ, ਉਹ ਰੱਬ ਨੂੰ ਵੀ ਰਿਝਾ ਸਕਦਾ ਹੈ। ਸਿੱਖ ਧਰਮ ਵਿਚ ਪ੍ਰਭੂ ਪ੍ਰਾਪਤੀ, ਈਸ਼ਵਰ ਭਗਤੀ, ਅਕਾਲ ਪੁਰਖ ਦੀ ਉਸਤਤੀ ਦਾ ਸਭ ਤੋਂ ਵਡਾ ਸਾਧਨ ਗੁਰਬਾਣੀ ਕੀਰਤਨ ਹੈ। ਜਿਸ ਬਾਰੇ ਗੁਰੂ ਨਾਨਕ ਸਾਹਿਬ ਨੇ ਬਾਣੀ ਵਿਚ ਆਪਣੇ ਸਾਰੇ ਸਰੂਪਾਂ ਵਿਚ ਫ਼ਰਮਾਇਆ ਹੈ।

ਗਉੜੀ ਮ: 5

ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ।
ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ।
ਸਿਵ ਪੁਰੀ ਬ੍ਰਹਮ ਇੰਦ੍ਰਪੁਰੀ ਨਿਹਚਲੁ ਕੋ ਥਾਉ ਨਾਹਿ।
ਬਿਨੁ ਹਰਿ ਸੇਵਾ ਸੁਖੁ ਨਹੀਂ ਹੋ ਸਾਕਤ ਆਵਹਿ ਜਾਹਿ
ਜੈਸੋ ਗੁਰਿ ਉਪਦੇਸਿਆ ਮੈਂ ਤੈਸੋ ਕਹਿਆ ਪੁਕਾਰਿ
ਨਾਨਕ ਕਹੈ ਸੁਨਿ ਰੇ ਮਨਾ ਕਰ ਕੀਰਤਨ ਹੋਇ ਉਧਾਰ। (ਪੰਨਾ 214)

ਹਰ ਦਿਨ ਰੈਨਿ ਕੀਰਤਨੁ ਗਾਈਐ। ਬਹੁੜਿ ਨ ਜੋਨੀ ਪਾਈਐ।
ਸਾਧ ਸੰਗਿ ਕਲਿ ਕੀਰਤਨੁ ਗਾਇਆ।
ਨਾਨਕ ਤੇ ਤੇ ਬਹੁਰਿ ਨ ਆਇਆ। (ਪੰਨਾ 253)
ਹਰਿ ਕੀਰਤਿ ਸਾਧ ਸੰਗਤਿ ਹੈ ਸਿਰੁ ਕਰਮਨ ਕੈ ਕਰਮਾ।
ਕਹੁ ਨਾਨਕ ਤਿਸ ਭਇਓ ਪ੍ਰਾਪਤਿ ਜਿਸ ਪੁਰਬ ਲਿਖੇ ਕਾ ਲਹਨਾ। (ਪੰਨਾ 624)

ਤੇਰੋ ਸੇਵਕ ਇਹ ਰੰਗਿ ਮਾਤਾ ।
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਹਰਿ ਹਰਿ ਕੀਰਤਨਿ ਇਹ ਮਨੁ ਰਾਤਾ । (ਪੰਨਾ 642)
ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ।
ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ । (ਪੰਨਾ 745)

ਗੁਰੂ ਨਾਨਕ ਦੇਵ ਜੀ ਦੇ ਸੰਗ-ਭਾਈ ਮਰਦਾਨਾ ਆਪਣੀ ਰਬਾਬ ਨਾਲ ਇਤਨੇ ਇਕ ਸੁਰ ਹੋਏ ਕਿ ਕਿ ਜਦੋਂ ਗੁਰੂ ਨਾਨਕ ਦੇਵ ਜੀ ਦੀ ਪਵਿਤਰ ਬਾਣੀ ਯਾਦ ਆਉਂਦੀ ਹੈ ਗੁਰੂ ਜੀ ਦਾ ਸ਼ਾਂਤਮਈ ਸੂਖਮ ਸਰੂਪ ਸ੍ਹਾਮਣੇ ਆਉਂਦਾ ਹੈ ਤੇ ਨਾਲ ਹੀ ਭਾਈ ਮਰਦਾਨਾ ਅਪਣੇ ਭੋਲ ਪਨ ਵਿਚ ਕਦੇ ਗੁਰੂ ਸਾਹਿਬ ਤੇ ਗਿਲੇ ਉਲਾਂਭੇ ਕਢਦਾ, ਰੁਸਦਾ, ਕੀਰਤਨ ਦੇ ਦਾਤਾ ਨਾਲ ਲਾਡ ਲਡਾਉਂਦਾ ਸ੍ਹਾਮਣੇ ਆ ਜਾਂਦਾ ਹੈ ।

ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੇ ਸਰੋਵਰ ਦੇ ਸਾਜਨਹਾਰ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਅਦੁੱਤੀ ਮਨੁੱਖਤਾ ਨੂੰ ਦੇਣ, ਦੇਣ ਵਾਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਕੀਰਤਨ ਕਰਨ ਤੇ ਸੁਣਨ ਨੂੰ ਸਿੱਖੀ ਮਾਰਗ ਦਾ ਇਕ ਉੱਚਾ ਆਦਰਸ਼ ਦਰਸਾਇਆ । ਆਪਣੇ ਕੀਰਤਨੀਏ ਭਾਈ ਸੱਤਾ ਤੇ ਬਲਵੰਡ ਨੂੰ ਰੁਸਿਆਂ ਨੂੰ ਮਨਾਉਣ ਲਈ ਗਏ । ਗੁਰੂ ਰਾਮ ਦਾਸ ਦੇ ਦਰਬਾਰ ਸ੍ਰੀ ਹਰਿਮੰਦਰ ਸਾਹਿਬ ਵਿਚ ਸਵੇਰੇ ਢਾਈ ਵਜੇ ਤੋਂ ਲੈ ਕੇ ਰਾਤ ਨੌਂ ਵਜੇ ਤੱਕ ਲਗਾਤਾਰ ਕੀਰਤਨ ਹੁੰਦਾ ਹੈ, ਕੇਵਲ ਗੁਰਬਾਣੀ ਦਾ ।

ਸ਼ਬਦ ਕੀਰਤਨ ਦਾ ਸੰਬੰਧ ਸਿੱਖੀ ਜੀਵਨ ਜੀਣ ਵਾਲਿਆਂ ਨਾਲ ਕਿਤਨਾ ਮੁਤਵਾਤਰ ਤੇ ਡੂੰਘਾ ਹੈ । ਇਕ ਬਦੇਸ਼ੀ ਇਤਿਹਾਸਕਾਰ ਜਿਹੜਾ ਕੀਰਤਨ ਦੀ ਆਤਮਕ ਮਹੱਤਤਾ ਤੋਂ ਅਣਜਾਣ ਸੀ ਸਿੱਖਾਂ ਬਾਰੇ ਬੜੇ ਹੈਰਾਨੀ ਤੇ ਨਫ਼ਰਤ ਭਰੇ ਲਹਿਜੇ ਵਿਚ ਲਿਖ ਗਿਆ-

"ਇਹ ਲੋਕ ਸਵੇਰੇ ਸ਼ਾਮ ਆਪਣੇ ਧਰਮ ਮੰਦਰਾਂ ਵਿਚ ਗਾਉਂਦੇ ਨੇ ।"

ਇਨ੍ਹਾਂ ਦੇ ਘਰਾਂ ਵਿਚ ਕਿਸੇ ਬੱਚੇ ਦਾ ਜਨਮ ਹੋਵੇ ਜਾਂ ਸ਼ਾਦੀ; ਗਾਣਾ ਜ਼ਰੂਰ ਹੁੰਦਾ ਹੈ । ਇੱਥੋਂ ਤੱਕ ਕਿ ਜੇ ਇਨ੍ਹਾਂ ਵਿਚ ਕੋਈ ਪ੍ਰਲੋਕ ਸਿਧਾਰ ਜਾਏ ਤਾਂ ਉਸ ਦਾ ਅੰਤਮ ਸੰਸਕਾਰ ਕਰਕੇ ਵੀ ਆ ਕੇ ਗ ਉਂਦੇ ਤੇ ਗਾਣਾ ਸੁਣਦੇ ਤੇ ਫਿਰ ਹਲਵਾ ਵੰਡਦੇ ਨੇ ।"

ਪ੍ਰੰਤੂ ਗੁਰਮਤ ਵਿਚ ਕੀਰਤਨ ਆਤਮਕ ਖੁਰਾਕ ਹੈ । ਮੁਕਤੀ ਦੇ ਮਾਰਗ ਦੇ ਢੂੰਡਾਊਆਂ ਲਈ ਚਾਨਣ ਮੁਨਾਰਾ ਹੈ ।

ਸ਼ਬਦ ਕੀਰਤਨ ਜਾਂ ਗੁਰਮਤ ਸੰਗੀਤ ਬਾਰੇ ਭਾਈ ਸਾਹਿਬ ਵੀਰ ਸਿੰਘ ਜੀ ਨੇ ਗੁਰੂ ਆਸ਼ੇ ਨੂੰ ਦਰਸਾਂਦਿਆਂ ਲਿਖਿਆ ਹੈ ।

"ਪੰਜਵੇਂ ਗੁਰੂ ਅਰਜਨ ਦੇਵ ਜੀ ਦਾ ਵਿਸ਼ੇਸ਼ ਧਿਆਨ ਧਾਰਨਾਂ ਜਾਂ ਤਰਜ਼ਾਂ ਵੱਲ ਇਸ ਲਈ ਸੀ ਕਿ ਸ਼ਬਦ ਰਾਗ ਦੀ ਐਸੀ ਤਰਜ਼ ਵਿਚ ਗਾਇਆ ਜਾਏ ਕਿ ਉਸ ਵਿਚ

ਸੰਗੀਤਕ ਕਾਇਦਿਆਂ ਅਨੁਸਾਰ ਉਹ ਅਰਥ ਭਾਵ ਤੇ ਸੰਗੀਤ ਦਾ ਸੁਮੇਲ ਹੋਵੇ। ਇਹ ਭੇਤ ਰਬਾਬੀਆਂ ਪਾਸ ਹੁਣ ਤਕ ਰਹੇ। ਪਰ ਕੁਝ ਚਿਰ ਤੋਂ ਹੁਣ ਦੇ ਰਾਗੀਆਂ ਨੇ ਇਨ੍ਹਾਂ ਗੱਲਾਂ ਨੂੰ ਛੱਡ ਦਿੱਤਾ ਹੈ ਤੇ ਕੇਵਲ ਵਿਰਲੇ ਹਨ ਜਿਨ੍ਹਾਂ ਪਾਸ ਸਨਾਤਨ ਧਾਰਨਾਂ ਤੇ ਗੁਰਮਤਿ ਸੰਗੀਤ ਦੇ ਅਸੂਲਾਂ ਦਾ ਥਹੁ ਹੈ। ਨਾਟਕ ਦੀਆਂ ਚਲਤ ਤਰਜ਼ਾਂ ਤੇ ਮਿਲਵੇਂ ਰਾਗਾਂ ਦੀਆਂ ਧਾਰਨਾ ਅਰ ਟੱਪੇ ਦੀ ਗਵਾਈ ਦਾ ਟੁੱਟਾ ਫੁੱਟਾ ਸਾਮਾਨ ਲੈ ਕੇ ਗੁਰਸ਼ਬਦ ਉਨ੍ਹਾਂ ਰਾਗਾਂ ਵਿਚ ਗਾਏ ਜਾਂਦੇ ਹਨ ਜੋ ਅਰਥ ਭਾਵ ਨਾਲ ਮੇਲ ਨਹੀਂ ਖਾਂਦੇ।

ਸਮੇਂ ਦੀ ਰਫਤਾਰ, ਸੰਗੀਤ ਤੇ ਨਵੇਂ ਢੰਗਾਂ, ਬਣਾਏ ਗਏ ਨਵੇਂ ਸਾਜ਼ਾਂ ਤੇ ਪੱਛਮ ਤੋਂ ਲਏ ਪ੍ਰਭਾਵਾਂ ਨੇ ਸ਼ਬਦ ਕੀਰਤਨ ਦਾ ਮੁਹਾਂਦਰਾ ਵੀ ਵਟਾ ਕਢਿਆ ਹੈ। ਰਬਾਬ, ਸਰੰਦਾ; ਦਿਲਰੁਬਾ, ਆਦਿ ਦੇ ਤੰਤਰੀ ਸਾਜਾਂ ਨੂੰ ਹਾਰਮੋਨੀਅਮ ਨੇ ਜਿਵੇਂ ਹੂੰਝਾ ਫੇਰ ਕੇ ਕੀਰਤਨ ਦੇ ਖੇਤਰ ਵਿੱਚੋਂ ਖਾਰਜ ਹੀ ਕਰ ਦਿੱਤਾ ਹੈ। ਪੁਰਾਣੇ ਸਾਜ਼ਾਂ ਦੇ ਸਿਖਣ ਲਈ ਨਾ ਰੁਚੀ ਹੈ ਨਾ ਹੀ ਸਮਾਂ ਤੇ ਸਬਰ। ਬਹੁਤੇ ਕੀਰਤਨੀਆਂ ਨੂੰ ਨਾ ਤਾਂ ਗੁਰਬਾਣੀ ਦਾ ਡੂੰਘਾ ਅਭਿਆਸ ਤੇ ਗਿਆਨ ਹੈ ਤੇ ਨ ਹੀ ਸੰਗੀਤ ਦੀ ਸਮਝ। ਸਿੱਟਾ ਇਹ ਹੈ ਭਾਵ ਪ੍ਰਧਾਨ ਕੀਰਤਨ ਕਦੇ ਕਦੇ ਕਿਸੇ ਵਿਰਲੇ ਰਾਗੀ ਤੋਂ ਹੀ ਸੁਣਨ ਵਿਚ ਆਉਂਦਾ ਹੈ ਜਿਹੜਾ ਗੁਰਬਾਣੀ ਦਾ ਗਿਆਤਾ ਤੇ ਰਾਗ ਦਾ ਰਸੀਆ ਹੋਵੇ। ਰਬਾਬੀ ਲੋਕ ਦੇਸ਼ ਦੀ ਵੰਡ ਨਾਲ ਇਸ ਖੇਤਰ ਚੋਂ ਖਾਰਜ ਹੋ ਗਏ ਹਨ। ਗੁਰਸਿੱਖ ਰਾਗੀ ਜਿਨ੍ਹਾਂ ਵਿਚ ਭਾਈ ਸਾਹਿਬ ਭਾਈ ਸੁੰਦਰ ਸਿੰਘ ਜੀ ਦਾ ਨਾਂ ਕੁਝ ਹੋਰ ਨਾਵਾਂ ਨਾਲ ਸਤਿਕਾਰ ਨਾਲ ਲਿਆ ਜਾ ਸਕਦਾ ਹੈ ਅਲੋਪ ਹੋ ਚੁੱਕੇ ਹਨ।

ਹੁਣ ਦੇ ਸ਼ਬਦ ਕੀਰਤਨ ਨੂੰ ਜਿਹੜਾ ਸਿੱਖ ਧਰਮ ਦੇ ਹਜ਼ਾਰਾਂ ਗੁਰ ਅਸਥਾਨਾਂ ਵਿਚ ਸੁਣਨ ਵਿਚ ਆਉਂਦਾ ਹੈ ਕੁਝ ਇਨ੍ਹਾਂ ਪ੍ਰਕਾਰਾਂ ਵਿਚ ਵੰਡਿਆ ਜਾ ਸਕਦਾ ਹੈ :-

1. ਸੰਗੀਤ ਪ੍ਰਧਾਨ ਕੀਰਤਨ-ਰਬਾਬੀ ਤੇ ਨਿਪੁੰਨ ਰਾਗੀਆਂ ਦਾ ਕੀਰਤਨ ਢੰਗ।
2 ਸ਼ਬਦ ਪ੍ਰਧਾਨ ਕੀਰਤਨ-ਜਿਹਾ ਕਿ ਭਾਈ ਸੁਰਜਨ ਸਿੰਘ ਜੀ।
3. ਵਿਸ਼ਾ ਤੇ ਪ੍ਰਮਾਣ ਪ੍ਰਧਾਨ ਕੀਰਤਨ-ਇਕ ਵਿਸ਼ੇ ਤੇ ਗੁਰਬਾਣੀ ਦੇ ਪ੍ਰਮਾਣ-ਭਾਈ ਚਾਂਦ ਜੀ।
4, ਵਿਆਖਿਆ ਪ੍ਰਧਾਨ ਕੀਰਤਨ ਜਿਸ ਵਿਚ ਕਥਾ ਦਾ ਅੰਸ਼ ਕੀਰਤਨ ਤੋਂ ਵਧੀਕ ਹੈ-ਭਾਈ ਸਾਹਿਬ ਹੀਰਾ ਸਿੰਘ ਜੀ।
5. ਸਾਜ ਪ੍ਰਧਾਨ ਕੀਰਤਨ ਜਿਹਾ ਕਿ ਢੱਡ ਚਿਮਟਾ ਆਦਿ ਨਾਲ।
6. ਸਾਮੂਹਕ ਕੀਰਤਨ ਜਿਸ ਵਿਚ ਸਾਰੀ ਸੰਗਤ ਸ਼ਾਮਲ ਹੋ ਜਾਂਦੀ ਹੈ।
7. ਤਰਜ਼ ਪ੍ਰਧਾਨ ਪਰਧਾਨ ਕੀਰਤਨ-ਫਿਲਮਾਂ ਦੀਆਂ ਤੇ ਹੋਰ ਲੋਕ ਸੰਗੀਤ ਦੀਆਂ ਪ੍ਰਚਲਤ ਤਰਜ਼ਾਂ ਤੇ ਸ਼ਬਦ ਦਾ ਕੀਰਤਨ ਕਰਨਾ।
8. ਇਕ ਪ੍ਰਕਾਰ ਦਾ ਹੋਰ ਕੀਰਤਨ ਹੈ, ਜਿਹੜਾ ਕੀਰਤਨ ਦੀ ਮਹੱਤਤਾ ਤੋਂ ਅਣਜਾਣ

ਜਾਂ ਮਾਇਆ ਇਕੱਠੀ ਕਰਨ ਦੇ ਲੋਭ ਵਿਚ ਗ੍ਰਸੇ ਰਾਗੀ ਕਹਦੇ ਹਨ ਉਹ ਹੈ- ਮਾਇਆ ਤੇ ਅਰਦਾਸ ਭੇਟ ਪ੍ਰਧਾਨ ਕੀਰਤਨ ਜਿਸ ਵਿਚ ਹਰ ਇਕ ਅਧੀ ਤੁਕ ਗਾਉਣ ਮਗਰੋਂ ਕਿਸੇ ਪ੍ਰੇਮੀ ਵੱਲੋਂ ਭੇਜੀ ਮਾਇਆ ਦਾ ਵੱਡੇ ਵਿਸ਼ੇਸ਼ਣਾਂ ਨਾਲ ਜ਼ਿਕਰ ਹੁੰਦਾ ਹੈ ਤੇ ਕੀਰਤਨ ਦੇ ਰਸ ਨੂੰ ਪੈਦਾ ਹੋਣ ਤੋਂ ਰੋਕਿਆ ਜਾਦਾ ਹੈ ।

ਸ਼ਬਦ ਕੀਰਤਨ ਕਰਨਾ ਤੇ ਸੁਣਨਾ ਗੁਰਬਾਣੀ ਦੇ ਪ੍ਰੇਮੀਆਂ ਲਈ ਇਕ ਇਲਾਹੀ ਸਰੂਰ ਦਾ ਸੋਮਾ ਹੈ । ਗੁਰਬਾਣੀ ਦਾ ਡੂੰਘਾ ਗਿਆਨ ਤੇ ਸੰਗੀਤ ਦੀ ਸਿਆਣੀ ਸੂਝ, ਤੰਤੀ, ਸਾਜ਼ਾਂ ਤਬਲਾ, ਮਿਰਦੰਗ, ਢੋਲਕ, ਕੈਸੀਆਂ ਆਦਿ ਦੇ ਸੁਰੀਲੇ ਸੁਮੇਲ ਨਾਲ ਹੀ ਕੀਰਤਨੀਏ ਇਸ ਅੰਮ੍ਰਿਤ ਮਈ ਸੋਮੇ ਨੂੰ ਆਪਣੀ ਪਵਿਤ੍ਰ ਧਾਰਾ ਵਿਚ ਵਹਾ ਸਕਦੇ ਹਨ ।

ਬੇਸੁਰੇ ਸਾਜ ਗੈਰ ਜ਼ਰੂਰੀ ਲਾਉਡ ਸਪੀਕਰ, ਤੇ ਅੱਖਾਂ ਚੁੰਧਿਆਦੀਆਂ ਬਿਜਲੀ ਦੀਆਂ ਬੱਤੀਆਂ, ਗੁਰਬਾਣੀ ਦੇ ਵਿਸ਼ੇ ਦੇ ਉਲਟ ਸੰਗੀਤਕ ਤਰਜ਼ਾਂ ਸ਼ਬਦ ਕੀਰਤਨ ਦੇ ਰਸ ਨੂੰ ਰੋਕ ਪਾਂਦੇ ਨੇ ।

ਸ਼ਬਦ ਕੀਰਤਨ ਮੁਖ ਤੌਰ ਤੇ ਮਨ ਦੀ ਮੌਜ, ਰੂਹ ਦੀ ਖੁਰਾਕ ਤੇ ਆਤਮਾ ਨੂੰ ਉਚਾ ਚੁਕ ਕੇ ਅਰਸ਼ਾਂ ਦੀ ਛੁਹ ਪ੍ਰਾਪਤ ਕਰਨ ਦਾ ਸਾਧਨ ਹੈ । ਜਿਹੜੀ ਆਵਾਜ਼, ਜਿਹੜਾ ਸਾਜ਼, ਜਿਹੜੀ ਤਰਜ਼ ਤੇ ਆਲੇ ਦੁਆਲੇ ਦੇ ਜਿਹੜੇ ਪ੍ਰਭਾਵ ਭਾਵੇਂ ਉਹ ਪ੍ਰਬੰਧ ਦੇ ਰੂਪ ਵਿਚ ਹੋਣ ਜਾਂ ਪੈਸੇ ਦੀ ਸ਼ਕਲ ਵਿਚ ਇਸ ਦੇ ਅੰਮ੍ਰਿਤ ਰੂਪੀ, ਰਸ ਵਿਚ ਫਿਕ ਪਾਉਂਦੇ ਹਨ, ਕ੍ਰਿੱਤਨ ਘੋਲਦੇ ਹਨ ਤੇ ਇਸ ਦੇ ਮੂਲ ਆਸ਼ੇ ਦੇ ਵਿਰੋਧੀ ਹਨ । ਸ਼ਬਦ ਕੀਰਤਨ ਦਾ ਆਦਰਸ਼ ਹੈ -

ਮਾਈ ਜੋ ਪ੍ਰਭ ਕੇ ਗੁਨ ਗਾਵੈ,<br>
ਸਫਲ ਆਇਆ ਜੀਵਨ ਫਲੁ ਤਾਕੋ<br>
ਪਾਰ ਬ੍ਰਹਮ ਲਿਵ ਲਾਵੈ । (ਪੰਨਾ 531)

ਸਭਨਾਂ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ।<br>
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨਾ ਜਾਇ । (ਪੰਨਾ 1423)

# ਸੰਗੀਤ ਦਾ ਤ੍ਰਿਸਕਾਰ ਤੇ ਸ਼ਕਤੀ ਦੀ ਘਾਟ

— ਭਾਈ ਕਰਮ ਸਿੰਘ ਰਤਨ

ਸੰਗੀਤ ਵਿਚ ਸ਼ਕਤੀ ਉਦੋਂ ਘਟ ਹੋ ਗਈ ਜਦੋਂ ਹਿੰਦੁਸਤਾਨ ਤੇ ਵਿਦੇਸ਼ੀਆਂ ਜਾਂ ਮੁਗਲ ਬਾਦਸ਼ਾਹਾਂ ਦਾ ਕਬਜ਼ਾ ਹੋ ਗਿਆ। ਉਹਨਾਂ ਨੇ ਹਿੰਦੁਸਤਾਨੀਆਂ ਦੀਆ ਬਹੂ-ਬੇਟੀਆਂ ਲੁੱਟਣੀਆਂ, ਤੇ ਸਰਮਾਇਆ ਲੁੱਟਣਾ, ਐਸ਼ ਇਸ਼ਰਤ ਕਰਨੀ, ਰਾਜ ਦਰਬਾਰਾਂ ਵਿਚ ਰੰਡੀਆਂ ਨਚਾਉਣੀਆਂ ਤੇ ਉਹਨਾਂ ਤੋਂ ਗੰਦੇ ਗੀਤ ਸੁਣਨੇ। ਉਹ ਲੋਕ ਸਮਝਦੇ ਸਨ ਕਿ ਗਾਉਣਾ ਸਿਰਫ ਵਿਸ਼ੇ ਵਿਕਾਰਾਂ ਲਈ ਹੀ ਹੁੰਦਾ ਹੈ। ਇਸੇ ਕਰਕੇ ਸੰਗੀਤ ਵਿਚ ਸ਼ਾਂਤੀ ਤੇ ਪਿਆਰ ਦੀ ਥਾਂ ਤਾਮਸਪੁਣਾ ਤੇ ਰਾਖਸ਼ਸ਼ ਪੁਣਾ ਆ ਗਿਆ ਸੀ। ਉਸ ਸਮੇਂ ਦੇ ਕੁਝ ਗਵੱਈਆਂ ਨੇ ਕੁਝ ਐਸੇ ਰਾਗ ਬਣਾਏ ਜਿਨ੍ਹਾਂ ਨੂੰ ਗਾਉਣ ਨਾਲ ਇਨਸਾਨ ਦੇ ਅੰਦਰੋਂ ਸ਼ਾਂਤੀ ਖਤਮ ਹੋ ਕੇ, ਬਿਰਤੀ ਦੇ ਅੰਦਰ ਵਿਸ਼ੇ ਵਿਕਾਰ ਪੈਦਾ ਹੋ ਜਾਂਦੇ ਸਨ। ਉਸ ਜ਼ਮਾਨੇ ਵਿਚ ਸੰਗੀਤ ਸਿਰਫ ਬਾਦਸ਼ਾਹਾਂ ਤੇ ਰਾਜੇ ਮਹਾਰਾਜਿਆਂ ਅਤੇ ਅਮੀਰਾਂ ਦੀ ਮਹਿਫਿਲ ਹੀ ਬਣਕੇ ਰਹਿ ਗਿਆ ਸੀ। ਅਤੇ ਆਮ ਭਗਤ ਜਨ ਤੇ ਭਲੇ ਪੁਰਸ਼ ਇਸ ਤੋਂ ਦੂਰ ਹੋ ਗਏ ਸਨ, ਜਿਸ ਕਰਕੇ ਆਮ ਤੌਰ ਤੇ ਇਹ ਸਮਝਿਆ ਜਾਣ ਲਗ ਪਿਆ ਸੀ ਕਿ ਰਾਗ ਜਾਂ ਸੰਗੀਤ ਮਨੁੱਖ ਦੀ ਬਿਰਤੀ ਨੂੰ ਭਲੇ ਪਾਸਿਉਂ, ਰੱਬ ਵਾਲੇ ਪਾਸਿਓਂ ਹਟਾ ਕੇ ਭੈੜੇ ਪਾਸੇ, ਵਿਸ਼ੇ ਵਿਕਾਰਾਂ ਵਿਚ ਫਸਾ ਦਿੰਦਾ ਹੈ। ਸੋ ਸੰਗੀਤ ਭਲੇ ਪੁਰਸ਼ਾਂ ਦੇ ਮਨ ਤੋਂ ਇਤਨਾ ਉਤਰ ਗਿਆ ਕਿ ਉਹਨਾਂ ਨੇ ਧਰਮ ਅਸਥਾਨਾਂ ਤੇ ਗਾਉਣਾ ਹੀ ਮਨ੍ਹਾਂ ਕਰ ਦਿੱਤਾ। ਖਾਸ ਕਰਕੇ ਮੁਸਲਮਾਨ ਮਜ਼ਬ ਨੇ ਜੋ ਕਿ ਆਪਣੇ ਆਪ ਨੂੰ ਖ਼ੁਦਾ (ਰੱਬ) ਦੇ ਸਭ ਤੋਂ ਜ਼ਿਆਦਾ ਨੇੜੇ ਸਮਝਦਾ ਸੀ। ਇਹ ਲੋਕ ਜਦੋਂ ਸੰਗੀਤ ਨੂੰ ਵਿਸ਼ੇ ਵਿਕਾਰਾਂ ਲਈ ਵਰਤਣ ਲਗ ਪਏ ਤਾਂ ਹੀ ਮੁਸਲਮਾਨ ਧਰਮ ਦੇ ਆਗੂਆਂ, ਧਰਮੀ ਲੋਕਾਂ, ਪੀਰਾਂ ਪੈਗੰਬਰਾਂ ਨੇ ਇਹ ਕਾਨੂੰਨ ਬਣਾ ਕੇ ਧਰਮ ਅਸਥਾਨਾਂ ਮਸਜਿਦਾਂ ਆਦਿ ਵਿਚ ਸੰਗੀਤ ਰਾਗ ਗਾਉਣਾ ਮਨ੍ਹਾਂ ਕਰ ਦਿੱਤਾ। ਇਥੋਂ ਤਕ ਕਾਨੂੰਨ ਪਾਸ ਕਰ ਦਿੱਤਾ ਕਿ ਜਿਤਨੇ ਵੀ ਇਸਲਾਮੀ ਮੁਲਕ ਹਨ, ਕਿਸੇ ਵੀ ਮੁਲਕ ਵਿਚ ਕੋਈ ਰਾਗ ਜਾਂ ਸੰਗੀਤ ਨਹੀਂ ਗਾ ਸਕਦਾ ਅਤੇ ਜਿਹੜਾ ਗਾਵੇ ਉਸ ਨੂੰ ਸਜ਼ਾ ਦਿੱਤੀ ਜਾਵੇ।

ਥੋੜ੍ਹਾ ਚਿਰ ਹੀ ਹੋਇਆ ਹੈ ਕਿ ਇਕ ਪਾਕਿਸਤਾਨੀ ਗਾਇਕ ਹਿੰਦੁਸਤਾਨ ਆਇਆ ਸੀ ਤੇ ਉਸ ਨੇ ਇੱਥੇ ਇਹ ਬਿਆਨ ਦੇ ਦਿੱਤਾ ਕਿ ਸੰਗੀਤ ਖ਼ੁਦਾ ਦੀ ਇਬਾਦਤ ਹੈ। ਇੰਨੀ ਗੱਲ ਕਹਿਣ ਤੇ ਪਾਕਿਸਤਾਨ ਸਰਕਾਰ ਨੇ ਉਸ ਨੂੰ ਕੋਰੜਿਆਂ ਦੀ ਸਜ਼ਾ ਦਿੱਤੀ ਸੀ।

ਸੋ ਜਦੋਂ ਸੰਗੀਤ ਨੂੰ ਲੋਕਾਂ ਨੇ ਇਤਨਾਂ ਭੈੜਾ ਬਣਾ ਦਿੱਤਾ, ਲੋਕਾਂ ਦੇ ਮਨਾਂ ਤੋਂ ਉਤਰ ਗਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਨੂੰ ਮੁੜ ਸੁਰਜੀਤ ਕਰਨ ਲਈ, ਸੰਗੀਤ ਸ੍ਵਰ ਪ੍ਰਮੇਸ਼ਰ ਦਾ ਪ੍ਰਚਾਰ ਕਰਨ ਲਈ, ਜਿਸ ਨੂੰ ਗਾਉਣ ਨਾਲ ਮਨੁੱਖ ਪ੍ਰਮੇਸ਼ਰ ਨਾਲ ਜੁੜਦਾ ਹੈ, ਸੰਸਾਰ ਦੇ ਜੀਵਾਂ ਨੂੰ ਮੁੜ ਕੇ ਰੱਬ ਦੀ ਹੋਂਦ ਦਾ ਗਿਆਨ ਕਰਵਾਉਣ

ਲਈ ਆਪ ਗਾਇਆ, ਆਪਣੀ ਸਾਰੀ ਬਾਣੀ ਰਾਗਾਂ ਵਿਚ ਰਚੀ ਅਤੇ ਭਾ: ਮਰਦਾਨਾ ਜੀ ਨੂੰ ਨਾਲ ਲੈ ਕੇ ਆਪ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਦੇਸਾਂ ਪ੍ਰਦੇਸਾਂ ਵਿਚ ਜਾ ਕੇ ਰੱਬ ਦੀ ਹੋਂਦ ਦਾ ਗਿਆਨ 'ਕੀਰਤਨ' ਕਰ ਕੇ, ਬਾਣੀ ਨੂੰ ਸੰਗੀਤ ਵਿਚ ਗਾ ਕੇ ਪ੍ਰਚਾਰ ਕੀਤਾ।

ਜਨਮਸਾਖੀ ਵਿਚ ਬਗਦਾਦ ਦੀ ਸਾਖੀ ਲਿਖੀ ਹੈ, ਜਿਸ ਵਿਚ ਜ਼ਿਕਰ ਹੈ ਕਿ ਜਦੋਂ ਸਤਿਗੁਰੂ ਨਾਨਕ ਦੇਵ ਜੀ ਬਗਦਾਦ ਵਿਚ ਗਏ ਤਾਂ ਉੱਥੇ ਜਾ ਕੇ ਸ਼ਹਿਰ ਤੋਂ ਬਾਹਰਵਾਰ ਇਕ ਥਾਂ ਬੈਠ ਕੇ ਭਾ: ਮਰਦਾਨਾ ਜੀ ਨੂੰ ਕਿਹਾ ਕਿ ਰਬਾਬ ਛੇੜ ਤਾਂ ਗੁਰੂ ਸਾਹਿਬ ਜੀ ਨੇ ਉੱਥੇ ਬੈਠ ਕੇ ਜਪੁਜੀ ਸਾਹਿਬ ਦੀ ਇਸ ਪਾਉੜੀ ਦਾ ਕੀਰਤਨ ਕੀਤਾ : 'ਪਾਤਾਲਾ ਪਾਤਾਲ ਲਖ ਆਗਾਸਾ ਅਗਾਸ' ਤਾਂ ਉਥੋਂ ਕਿਸੇ ਸਖਸ਼ ਨੇ ਜਾ ਕੇ ਬਗਦਾਦ ਦੇ ਪੀਰ ਕੋਲ ਸ਼ਕਾਇਤ ਕੀਤੀ ਕਿ ਬਾਹਰ ਇਕ ਫ਼ਕੀਰ ਆਇਆ ਹੈ ਜਿਸ ਨੇ ਆ ਕੇ ਸਾਡੇ ਦੇਸ ਦੇ ਕਾਨੂੰਨ ਤੋਂ ਦੋ ਕੰਮ ਉਲਟ ਕੀਤੇ ਹਨ। ਇਕ ਤਾਂ ਉਸ ਨੇ ਰਾਗ ਸੰਗੀਤ ਗਾਇਆ ਹੈ, ਜੋ ਸਾਡੇ ਦੇਸ ਵਿਚ ਗਾਉਣਾ ਮਨ੍ਹਾਂ ਹੈ ਅਤੇ ਦੂਸਰਾ ਉਸ ਨੇ ਝੂਠ ਬੋਲਿਆ ਹੈ ਕਿ ਲੱਖਾਂ ਪਾਤਾਲ ਤੇ ਲੱਖਾਂ ਆਕਾਸ਼ ਹਨ। ਜਦ ਕਿ ਸਾਡੇ ਕੁਰਾਨ ਵਿਚ ਲਿਖਿਆ ਹੈ ਕਿ ਸੱਤ ਪਾਤਾਲ ਤੇ ਸੱਤ ਆਕਾਸ਼ ਹਨ। ਤਾਂ ਬਗਦਾਦ ਦਾ ਉਹ ਪੀਰ ਜਿਸ ਦਾ ਨਾਮ ਦਸਤਗੀਰ ਸੀ, ਉਸ ਨੇ ਇਹ ਸ਼ਿਕਾਇਤ ਸੁਣ ਕੇ ਲੋਕਾਂ ਨੂੰ ਹੁਕਮ ਦਿੱਤਾ ਕਿ ਜਾਉ ਉਸ ਫਕੀਰ ਨੂੰ ਪੱਥਰ ਮਾਰ ਮਾਰ ਕੇ ਖਤਮ ਕਰ ਦਿਓ। ਇਹ ਕਾਫ਼ਰ ਹੈ ਜਿਸ ਨੇ ਆ ਕੇ ਸਾਡੇ ਦੇਸ ਦਾ ਕਾਨੂੰਨ ਤੋੜਿਆ ਹੈ। ਤਾਂ ਕਹਿੰਦੇ ਹਨ ਕਿ ਜਦੋਂ ਲੋਕ ਗੁਰੂ ਸਾਹਿਬ ਨੂੰ ਪੱਥਰ ਮਾਰਨ ਗਏ, ਜਦੋਂ ਪੱਥਰ ਮਾਰਨ ਲਈ ਬਾਹਵਾਂ ਉਪਰ ਨੂੰ ਚੁੱਕੀਆਂ ਤਾਂ ਸਤਿਗੁਰਾਂ ਨੇ ਇਕ ਐਸੀ ਮਿੱਠੀ ਧੁਨ ਵਿਚ ਸਤਿ ਕਰਤਾਰ ਦੀ ਆਵਾਜ਼ ਲਗਾਈ ਕਿ ਲੋਕਾਂ ਦੀਆਂ ਬਾਹਵਾਂ ਤੇ ਹੱਥ ਉਤਾਂਹ ਦੇ ਉਤਾਂਹ ਹੀ ਰਹਿ ਗਏ। ਜਨਮ ਸਾਖੀ ਵਾਲਾ ਲਿਖਦਾ ਹੈ ਕਿ ਸਤਿਗੁਰਾਂ ਨੇ ਐਸੀ ਕਰਾਮਾਤ ਵਰਤਾਈ ਕਿ ਲੋਕ ਪੱਥਰ ਦੇ ਬੁੱਤ ਬਣ ਕੇ ਰਹਿ ਗਏ।

ਸੋ ਮੈਂ ਤਾਂ ਇਹ ਮੰਨਦਾ ਹਾਂ ਕਿ ਹੋਰ ਕੋਈ ਕਰਾਮਾਤ ਸਤਿਗੁਰਾ ਨੇ ਨਹੀਂ ਵਿਖਾਈ ਬਲਕਿ ਸੰਗੀਤ ਵਿਚ ਜਦ ਇਤਨੀ ਕਸ਼ਿਸ਼ ਹੈ ਕਿ ਉਹ ਪਸ਼ੂਆਂ ਅਤੇ ਜਾਨਵਰਾਂ ਨੂੰ ਵੀ ਵੈਰ ਭਾਵ ਭੁਲਾ ਦਿੰਦਾ ਹੈ, ਜਦ ਜ਼ਹਿਰੀਲੇ ਸੱਪ ਵੀ ਸੰਗੀਤ ਸੁਣ ਕੇ ਝੂਮਣ ਲੱਗ ਪੈਂਦੇ ਹਨ ਤਾਂ ਫਿਰ ਸਤਿਗੁਰੂ ਨਾਨਕ ਦੇਵ ਜੀ ਦੀ ਮਧੁਰ ਰਸ ਭਰੀ ਆਵਾਜ਼, ਜੋ ਆਪ ਹੀ ਸੰਗੀਤ ਰਾਗ ਦਾ ਰੂਪ ਸਨ, ਉਹਨਾਂ ਦੇ ਰਸਨਾਂ ਤੋਂ ਸਤਿ ਕਰਤਾਰ ਦੀ ਸੁਰੀਲੀ ਆਵਾਜ਼ ਜਦੋਂ ਲੋਕਾਂ ਦੇ ਕੰਨਾਂ ਵਿਚ ਪਈ ਤਾਂ ਲੋਕਾਂ ਨੂੰ ਪੱਥਰ ਮਾਰਨੇ ਹੀ ਭੂਲ ਗਏ। ਭਾਈ ਸਾਹਿਬ ਭਾਈ ਗੁਰਦਾਸ ਜੀ ਲਿਖਦੇ ਹਨ 'ਸੁੰਨ ਮੁੰਨ ਹੋ ਗਏ ਅਰਥਾਤ ਬੇ-ਸੁੱਧ ਹੋ ਗਏ। ਹੋਸ਼ ਹੀ ਭੁਲ ਗਏ ਕਿ ਅਸੀਂ ਪੱਥਰ ਮਾਰਨ ਆਏ ਸੀ। ਜਿਵੇਂ ਸੁਨ ਸਮਾਧ ਹੋ ਜਾਣਾ ਕਿ ਸਰੀਰ ਦਾ ਹਰ ਇਕ ਅੰਗ ਬਿਲਕੁਲ ਅਡੋਲ ਹੋ ਜਾਵੇ ਕੋਈ ਅੰਗ ਨਾ ਹਿੱਲੇ। ਇਸ ਲਈ ਭਾਈ ਗੁਰਦਾਸ ਜੀ ਦਾ ਸੁੰਨ ਮੁੰਨ ਵਾਲਾ ਕਥਨ ਠੀਕ ਹੈ।

ਕਹਿੰਦੇ ਹਨ ਕਿ ਪੀਰ ਦਸਤਗੀਰ ਨੂੰ ਜੋ ਕਿ ਬਗਦਾਦ ਦਾ ਰਾਜਾ ਵੀ ਸੀ, ਜਦੋਂ ਸਤਿਗੁਰੂ ਜੀ ਦੇ ਇਸ ਕੌਤਕ ਦਾ ਪਤਾ ਲੱਗਾ ਤਾਂ ਉਹ ਖੁਦ ਗੁਰੂ ਜੀ ਨਾਲ ਚਰਚਾ ਕਰਨ ਲਈ ਆ ਗਿਆ। ਭਾਈ ਗੁਰਦਾਸ ਜੀ ਗਵਾਹੀ ਭਰਦੇ ਹਨ 'ਪੁੱਛਿਆ ਫਿਰ ਕੇ ਦਸਤਗੀਰ ਕੌਨ ਫ਼ਕੀਰ ਕਿਸ ਕਾ ਘਰਾਨਾ' ਪੀਰ ਨੇ ਆ ਕੇ ਗੁਰੂ ਜੀ ਪਾਸ ਸੁਆਲ ਕੀਤਾ ਕਿ ਸਾਡੇ ਦੇਸ ਵਿਚ ਆ ਕੇ ਆਪ ਜੀ ਨੇ ਸਾਡੀ ਸ਼ਰਹਾ ਅਤੇ ਸਾਡੇ ਕ਼ਾਨੂੰਨ ਦੀ ਉਲੰਘਣਾ ਕੀਤੀ ਹੈ ਤਾਂ ਸਤਿਗੁਰਾਂ ਕਿਹਾ ਕਿ ਅਸੀਂ ਕੀ ਉਲੰਘਣਾ ਕੀਤੀ ਹੈ ? ਤਾਂ ਪੀਰ ਨੇ ਕਿਹਾ ਕਿ ਇਕ ਤਾਂ ਸਾਡੇ ਕੁਰਾਨ ਵਿਚ ਲਿਖਿਆ ਹੈ ਕਿ ਸੱਤ ਪਾਤਾਲ ਤੇ ਸੱਤ ਆਕਾਸ਼ ਹਨ ਅਤੇ ਤੁਸੀਂ ਕਿਹਾ ਹੈ ਕਿ ਲੱਖਾਂ ਪਾਤਾਲ ਤੇ ਲੱਖਾਂ ਆਕਾਸ਼ ਹਨ, ਤਾਂ ਸਤਿ-ਗੁਰਾਂ ਕਿਹਾਂ ਕਿ ਇਹ ਤਾਂ ਕੋਈ ਵੱਡੀ ਗੱਲ ਨਹੀਂ। ਤੁਹਾਡੇ ਮੁਹੰਮਦ ਸਾਹਿਬ ਨੂੰ ਸੱਤ ਪਾਤਾਲ ਤੇ ਸੱਤ ਆਕਾਸ਼ਾਂ ਦੀ ਖਬਰ ਸੀ, ਉਹਨਾਂ ਇਤਨੇ ਹੀ ਲਿਖ ਦਿੱਤੇ ਹਨ। ਸਾਨੂੰ ਲੱਖਾਂ ਦੀ ਖਬਰ ਹੈ ਅਸੀਂ ਲੱਖਾਂ ਕਹਿ ਦਿਤੇ ਹਨ। ਹੋਰ ਕੋਈ ਸਾਡੇ ਤੋਂ ਜ਼ਿਆਦਾ ਸਿਆਣਾ ਵੀ ਹੋ ਸਕਦੈ, ਉਹ ਸਾਡੇ ਤੋਂ ਵੀ ਜ਼ਿਆਦਾ ਦਸ ਦੇਵੇਗਾ।

ਪੀਰ ਨੇ ਦੂਜਾ ਸਵਾਲ ਕੀਤਾ ਕਿ ਸਾਡੇ ਦੇਸ ਵਿਚ ਗਾਉਣਾ ਮਨ੍ਹਾ ਹੈ ਤੇ ਆਪ ਨੇ ਇੱਥੇ ਆ ਕੇ ਗਾਇਆ ਹੈ। ਤਾ ਸਤਿਗੁਰਾਂ ਨੇ ਕਿਹਾ ਕਿ ਠੀਕ ਹੈ, ਗਾਉਣਾ ਉਹ ਮਨ੍ਹਾਂ ਹੋਣਾ ਚਾਹੀਦਾ ਹੈ ਜੋ ਗਾਉਣ ਨਾਲ ਮਨੁੱਖੀ ਬਿਰਤੀ ਵਿਸ਼ੇ ਵਿਕਾਰਾਂ ਵਿਚ ਫਸ ਜਾਵੇ ਤੇ ਮਨੁੱਖ ਦੇ ਅੰਦਰੋਂ ਸ਼ਾਂਤੀ ਖਤਮ ਹੋ ਕੇ ਤਾਮਸ਼ਪੁਣਾ ਆ ਜਾਵੇ। ਪਰ ਜਿਹੜਾ ਗਾਉਣਾ, ਰਾਗ ਜਾਂ ਸੰਗੀਤ ਖੁਦਾ ਨਾਲ, ਪਰਮਾਤਮਾ ਨਾਲ ਜੋੜ ਦੇਵੇ ਉਹ ਸੰਗੀਤ ਮਾੜਾ ਕਿਵੇਂ ਹੋਇਆ ਰਾਗ ਤਾਂ ਇਕ ਬਰਤਨ ਹੈ ਇਹਦੇ ਵਿਚ ਜੇ ਕੋਈ ਵਿਸ਼ੇ ਵਿਕਾਰ ਜਾਂ ਜ਼ਹਿਰ ਪਾ ਕੇ ਪੀਵੇਗਾ ਤਾਂ ਜੀਵਨ ਬਰਬਾਦ ਕਰ ਲਵੇਗਾ ਅਤੇ ਜੇ ਵਾਹਿਗੁਰੂ, ਖੁਦਾ ਜਾਂ ਪਰਮਾਤਮਾ ਦਾ ਨਾਮ ਪਾ ਕੇ ਪੀ ਲਏ ਤਾਂ ਜੀਵਨ ਅੰਮ੍ਰਿਤ ਰੂਪ ਹੋ ਜਾਵੇਗਾ ਤੇ ਪ੍ਰਮਾਤਮਾ ਨਾਲ ਅਭੇਦ ਹੋ ਜਾਵੇਗਾ।

ਸੋ ਗੁਰੂ ਸਾਹਿਬ ਜੀ ਨੇ ਮਨੁੱਖਾਂ ਨੂੰ ਅਕਾਲ ਪੁਰਖ ਨਾਲ ਜੋੜਨ ਲਈ ਭਾਈ ਮਰਦਾਨਾ ਜੀ ਨੂੰ ਨਾਲ ਲਿਆ ਤੇ ਦੇਸ਼ਾ ਵਿਦੇਸਾਂ ਵਿਚ ਵਿਚਰ ਕੇ ਰੱਬ ਦੀ ਹੋਂਦ ਦਾ ਗਿਆਨ ਅਤੇ ਸੰਗੀਤ ਰਾਹੀਂ ਰੱਬੀ ਬਾਣੀ ਗਾ ਕੇ ਪ੍ਰਚਾਰ ਕੀਤਾ ਤੇ ਲੋਕਾਂ ਨੂੰ ਏਕਤਾ ਦਾ ਸਬਕ ਪੜ੍ਹਾਇਆ। ਹੁਣ ਤਾਂ ਇਸੇ ਸੰਗੀਤ ਰੂਪੀ ਅੱਲਾ ਦੇ ਦਰਸ਼ਨ ਕਰਕੇ ਇਸਲਾਮ ਵਾਲੇ ਕਹਿ ਉਠਦੇ ਹਨ :

ਦੌਲਤ ਮਿਲੀ ਹੈ ਇਸ਼ਕ ਕੀ, ਅਬ ਔਰ ਕਿਆ ਮਿਲੇ।
ਵੋਹ ਚੀਜ਼ ਮਿਲ ਗਈ ਹੈ, ਜਿਸ ਸੇ ਖੁਦਾ ਮਿਲੇ।

ਪ੍ਰਮੇਸ਼ਰ ਦੀ ਭਗਤੀ ਕਰਨ ਲਈ ਕੀਰਤਨ ਸਰਬ ਉੱਤਮ ਸਾਧਨ ਹੈ। ਸੋ ਗੁਰੂ ਸਾਹਿਬ ਦੀ ਚਲਾਈ ਹੋਈ ਕੀਰਤਨ ਦੀ ਮਰਯਾਦਾ ਲੋਕਾਂ ਦੇ ਮਨ ਵਿਚ ਇਤਨੀ ਘਰ ਕਰ ਗਈ, ਇਤਨੀ ਲੋਕ ਪ੍ਰਿਯ ਹੋ ਗਈ ਕਿ ਜੋ ਬਾਣੀ ਤੇ ਕੀਰਤਨ ਦੇ ਰਸੀਏ ਹਨ ਉਹਨਾਂ

ਵਾਸਤੇ ਇਕ ਖਿਨ ਵੀ ਕੀਰਤਨ ਤੋਂ ਵਿਛੜਣਾ ਔਖਾ ਹੋ ਜਾਂਦਾ ਸੀ। ਸੂਰਜ ਪ੍ਰਕਾਸ਼ ਵਿਚ ਲਿਖਿਆ ਜ਼ਿਕਰ ਆਉਂਦਾ ਹੈ ਕਿ ਗੁਰੂ ਰਾਮ ਦਾਸ ਜੀ ਦੇ ਵੇਲੇ ਤੱਕ ਆਸਾ ਦੀ ਵਾਰ ਦਾ ਕੀਰਤਨ ਸ਼ਾਮ ਦੇ ਵਕਤ ਹੋਇਆ ਕਰਦਾ ਸੀ। ਕਹਿੰਦੇ ਹਨ ਕਿ ਇਕ ਦਿਨ ਜਦੋਂ ਸ਼ਾਮ ਦੇ ਵਕਤ ਕੀਰਤਨ ਆਰੰਭ ਹੋਇਆ ਤਾਂ ਕੁਝ ਮਨਮੁੱਖ (ਸਾਕਤ) ਲੋਕ ਜਿਹਨਾਂ ਕਦੇ ਭਜਨ ਸਿਮਰਨ ਨਹੀਂ ਸੀ ਕੀਤਾ, ਉਹ ਗੁਰੂ ਸਾਹਿਬ ਦੇ ਦਰਬਾਰ ਵਿਚ ਦਰਸ਼ਨ ਕਰਨ ਆਏ ਤਾਂ ਸਤਿਗੁਰਾਂ ਨੇ ਸਮਾਧੀ ਅੰਦਰ ਅੰਤਰ ਧਿਆਨ ਕੀ ਦੇਖਿਆ ਕਿ ਜੋ ਲੋਕ ਮਹਾਰਾਜ ਦੇ ਦਰਬਾਰ ਵਿਚ ਆਏ ਸਨ ਉਹਨਾਂ ਦੇ ਕੰਨਾਂ ਵਿਚ ਆਸਾ ਦੀ ਵਾਰ ਦੀ ਜਦੋਂ ਇਹ ਤੁਕ ਪਈ : 'ਬਲਿਹਾਰੀ ਗੁਰ ਆਪਣੇ' ਦਿਉਹਾੜੀ ਸਦਵਾਰ। ਜਿਨਿ ਮਾਣਸ ਤੇ ਦੇਵਤੇ ਕੀਏ। ਕਰਤ ਨਾ ਲਾਗੀ ਵਾਰ।' ਤਾਂ ਸਤਿਗੁਰਾਂ ਵੇਖਿਆ ਕਿ ਉਹਨਾਂ ਮਨੁੱਖਾਂ ਦੇ ਵੱਡੇ ਵਡੇਰੇ ਜੋ ਪਿਤਰ ਸਨ ਜੋ ਕਿ ਨਰਕ ਵਿਚ ਦੁੱਖ ਭੋਗ ਰਹੇ ਸਨ ਉਹ ਸਾਰੇ ਹੀ ਨਰਕਾਂ ਵਿਚੋਂ ਨਿਕਲਕੇ ਸਵਰਗ (ਸਚਖੰਡ) ਵਿਚ ਚਲੇ ਗਏ। ਇਹ ਹੈ ਗੁਰਬਾਣੀ ਸੰਗੀਤ ਕੀਰਤਨ ਦੀ ਮਹਾਨਤਾ।

ਸੋ ਸੂਰਜ ਪ੍ਰਕਾਸ਼ ਵਿਚ ਇਹ ਲਿਖਿਆ ਹੈ ਕਿ ਜਦੋਂ ਗੁਰੂ ਰਾਮ ਦਾਸ ਜੀ ਨੇ ਇਹ ਕੌਤਕ ਦੇਖਿਆ ਤਾਂ ਕੀਰਤਨ ਬੰਦ ਕਰਵਾ ਦਿੱਤਾ। ਜੋ ਕੀਰਤਨ ਦੇ ਰਸੀਏ ਸਨ ਉਹਨਾਂ ਨੇ ਸਤਿਗੁਰ ਜੀ ਪਾਸ ਬੇਨਤੀ ਕਰਕੇ ਪੁੱਛਿਆ ਕਿ ਕੀਰਤਨ ਬੰਦ ਕਰਵਾਉਣ ਦਾ ਕੀ ਕਾਰਨ ਹੈ ? ਤਾਂ ਸਤਿਗੁਰ ਜੀ ਨੇ ਕਿਹਾ ਕੀਰਤਨ ਦੀ ਇਹ ਦਾਤ ਉਹਨਾਂ ਲਈ ਹੈ ਜੋ ਪਰਮਾਤਮਾ ਦੇ ਭਗਤ ਹੋਣ ਅਤੇ ਜੋ ਉਸਨੂੰ ਪਾਉਣਾ ਚਾਹੁਣ।

ਇਸ ਲਈ ਅਜ ਤੋਂ ਬਾਅਦ ਆਸਾ ਦੀ ਵਾਰ ਦਾ ਇਹ ਕੀਰਤਨ ਅੰਮ੍ਰਿਤ ਵੇਲੇ ਹੋਇਆ ਕਰੇਗਾ। ਸਤਿਗੁਰ ਜੀ ਦਾ ਕਥਨ ਹੈ :

> ਭਿੰਨੀ ਰੈਨੜੀਏ ਚਮਕਨਿ ਤਾਰੇ।
> ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ।

ਅੰਮ੍ਰਿਤ ਵੇਲਾ ਰਾਤ ਦਾ ਤੀਜਾ ਤੇ ਚੌਥਾ ਪਹਿਰ ਹੀ ਇਕ ਐਸਾ ਸਮਾਂ ਹੈ ਜਿਸ ਵੇਲੇ ਸਚ ਦੀ ਵੀਚਾਰ ਅਤੇ ਸੰਗੀਤ ਰਾਹੀਂ ਪ੍ਰਭੂ ਨਾਲ ਜੁੜਿਆ ਜਾ ਸਕਦਾ ਹੈ ਕਿਉਂਕਿ ਸਤਿਗੁਰ ਜੀ ਦਾ ਹੁਕਮ ਹੈ : 'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ। ਸੰਸਾਰ ਦੇ ਜਿਤਨੇ ਵੀ ਮਾੜੇ ਕਰਮ ਹਨ, ਸਭ ਰਾਤ ਦੇ ਪਹਿਲੇ ਪਹਿਰ ਵਿਚ ਹੁੰਦੇ ਹਨ। ਜਿਸ ਤਰ੍ਹਾਂ ਕਿ ਸਿਨਮੇ, ਕਲੱਬ, ਚੋਰੀਆਂ, ਜੂਏਬਾਜ਼ੀ, ਸ਼ਰਾਬਖਾਨੇ ਆਦਿ ਸਭ ਰਾਤ ਦੇ ਪਹਿਲੇ ਤੇ ਦੂਸਰੇ ਪਹਿਰ ਵਿਚ ਖੁਲ੍ਹਦੇ ਹਨ ਅਤੇ ਰਾਤ ਦੇ ਤੀਜੇ ਤੇ ਚੌਥੇ ਪਹਿਰ ਵਿਚ ਮੰਦਰਾਂ, ਮਸਜਦਾਂ ਤੇ ਗੁਰਦੁਆਰਿਆਂ ਦੇ ਦਰਵਾਜ਼ੇ ਖੁਲ੍ਹਦੇ ਹਨ ਅਤੇ ਇਹ ਹੀ ਸਮਾਂ ਭਗਵਾਨ ਨੂੰ ਮਿਲਣ ਦਾ ਹੁੰਦਾ ਹੈ। ਸਤਿਗੁਰੂ ਜੀ ਦਾ ਕਥਨ ਹੈ 'ਚੌਥੇ ਪਹਿਰ ਸੁਬਾਹ ਕੈ ਸੁਰਤਿਆਂ ਉਪਜੈ ਚਾਉ। ਤਿਨਾਂ ਦਰਿਆਵਾਂ ਸਿਉ ਦੋਸਤੀ ਮਨ ਮੁਖ ਸਚਾ ਨਾਉ।' ਭਾਵ ਕਿ ਸੁਬਹ ਦੇ ਚੌਥੇ ਪਹਿਰ,

ਜੋ ਭਗਤ ਜਨ ਹਨ, ਰੱਬ ਦੇ ਪਿਆਰੇ ਹੁੰਦੇ ਹਨ, ਉਹਨਾਂ ਨੂੰ ਅੰਮ੍ਰਿਤ ਵੇਲੇ ਉਠਣ ਦਾ ਚਾਅ ਹੁੰਦਾ ਹੈ। ਉਹ ਦਰਿਆਵਾਂ ਆਦਿ ਤੇ ਜਾ ਕੇ ਇਸ਼ਨਾਨ ਕਰਕੇ ਮਨ ਅਤੇ ਮੁਖ ਵਿਚ ਵਾਹਿਗੁਰੂ ਦਾਂ ਸਿਮਰਨ ਕਰਦੇ ਹਨ। ਲੇਕਿਨ ਹੋਰ ਕਿਸੇ ਵੀ ਸਾਧਨ ਜਾਂ ਢੰਗ ਨਾਲ ਇਨਸਾਨ ਦਾ ਮਨ ਵਾਹਿਗੁਰੂ ਨਾਲ ਨਹੀਂ ਜੁੜ ਸਕਦਾ। ਸਿਰਫ ਸੰਗੀਤ ਹੀ ਇਕ ਐਸਾ ਸਾਧਨ ਹੈ। ਜਦੋਂ ਰਾਗਾਂ ਵਿਚ ਪਾ ਕੇ ਬਾਣੀ ਗਾਈ ਜਾਂਦੀ ਹੈ ਤਾਂ ਸਰੋਤੇ ਝੂਮ ਉਠਦੇ ਹਨ ਅਤੇ ਅਕਾਲ ਪੁਰਖ ਦੇ ਨਾਲ ਮਨ ਜੁੜ ਜਾਂਦੇ ਹਨ।

ਆਮ ਮਨੁੱਖ ਜਦੋਂ ਸਾਰਾ ਦਿਨ ਕੰਮ ਕਰਕੇ ਸਰੀਰਕ ਜਾਂ ਦਿਮਾਗੀ ਤੌਰ ਤੇ ਥੱਕ ਜਾਂਦਾ ਹੈ ਤਾਂ ਇਸ ਥਕਾਵਟ ਦੀ ਹਾਲਤ ਵਿਚ ਉਹ ਸੌਣਾ ਚਾਹੁੰਦਾ ਹੈ ਤਾਂ ਸੌਂ ਨਹੀਂ ਸਕਦਾ, ਨੀਂਦ ਨਹੀਂ ਆਉਂਦੀ। ਪਰ ਜਦੋਂ ਮਨੁੱਖ ਗੁਰਦੁਆਰੇ ਆ ਕੇ ਕੀਰਤਨ ਸੁਣੇਗਾ ਤਾਂ ਦਿਮਾਗ ਨੂੰ ਇਸ ਤਰ੍ਹਾਂ ਠੰਢ ਪਵੇਗੀ, ਇਸ ਤਰ੍ਹਾਂ ਸੁੱਖ ਮਿਲੇਗਾ, ਸਕੂਨ ਮਿਲੇਗਾ ਜਿਵੇਂ ਇੰਜਣ ਸਾਰਾ ਦਿਨ ਚਲ ਚਲ ਕੇ ਥਕ ਜਾਂਦਾ ਹੈ, ਗਰਮ ਹੋ ਜਾਂਦਾ ਹੈ ਤੇ ਫਿਰ ਉਸ ਨੂੰ ਠੰਢਾ ਕਰਨਾ ਪੈਂਦਾ ਹੈ। ਜਿਵੇਂ ਗਰਮ ਤਵੇ ਤੇ ਪਾਣੀ ਪਾਉ ਤਾਂ ਉਹ ਠੰਢਾ ਹੋ ਜਾਂਦਾ ਹੈ। ਇਸੇ ਤਰ੍ਹਾਂ ਕੀਰਤਨ ਨਾਲ ਦਿਮਾਗ ਨੂੰ ਠੰਢ ਪਹੁੰਚਦੀ ਹੈ। ਫਿਰ ਜਦੋਂ ਉਹ ਘਰ ਜਾ ਕੇ ਸੌਂਦਾ ਹੈ ਤਾਂ ਛੇਤੀ ਹੀ ਨੀਂਦ ਆ ਜਾਂਦੀ ਹੈ। ਲੇਕਿਨ ਜੇਕਰ ਮਨੁੱਖ ਉਲਝੇ ਦਿਮਾਗ ਨਾਲ ਸੌਣ ਦੀ ਕੋਸ਼ਿਸ਼ ਕਰੇ ਤਾਂ ਕਦੇ ਵੀ ਨੀਂਦ ਨਹੀਂ ਆਉਂਦੀ। ਇਸੇ ਤਰ੍ਹਾਂ ਜਦੋਂ ਅੰਮ੍ਰਿਤ ਵੇਲੇ ਉ ਕੇ, ਇਸ਼ਨਾਨ ਕਰਕੇ, ਗੁਰਦੁਆਰੇ ਆ ਕੇ ਕੀਰਤਨ ਸੁਣ ਕੇ ਪ੍ਰਭੂ ਨਾਲ ਇਕਮਿਕ ਹੋ ਕੇ ਫਿਰ ਆਪਣੇ ਕੰਮ ਤੇ ਮਨੁੱਖ ਜਾਵੇਗਾ ਤਾਂ ਉਸ ਦੇ ਸਭ ਕੰਮ ਸਫਲ ਹੋ ਜਾਣਗੇ। ਇਸੇ ਕਰਕੇ ਗੁਰੂ ਘਰ ਵਿਚ ਕੀਰਤਨ ਦੀ ਸਭ ਤੋਂ ਉੱਤਮ ਮਰਿਯਾਦਾ ਸਤਿਗੁਰੂ ਜੀ ਨੇ ਚਲਾਈ ਹੈ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਤਾਂ ਸੁਬਾਹ ਦਰਬਾਰ ਸਾਹਿਬ ਦੇ ਦਰਵਾਜ਼ੇ ਖੁਲਣ ਤੋਂ ਲੈ ਕੇ ਰਾਤ ਦਰਵਾਜ਼ੇ ਬੰਦ ਹੋਣ ਤੱਕ ਕੀਰਤਨ ਦਾ ਪ੍ਰਵਾਹ ਚਲਦਾ ਹੀ ਰਹਿੰਦਾ ਹੈ।

ਇਕ ਹੋਰ ਪ੍ਰਮਾਣ ਦੇ ਕੇ ਮੈਂ ਇਸ ਹਥਲੇ ਲੇਖ ਨੂੰ ਸਮਾਪਤ ਕਰਦਾ ਹਾਂ। ਜਦੋਂ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿਘ ਜੀ ਨੇ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਤੇ ਸਰਸਾ ਦੇ ਕਿਨਾਰੇ ਪਹੁੰਚੇ ਤਾਂ ਅੰਮ੍ਰਿਤ ਵੇਲਾ ਹੋ ਚੁੱਕਾ ਸੀ। ਉੱਧਰੋਂ ਪਿੱਛੇ ਮੁਗਲ ਫੌਜਾਂ ਗੁਰੂ ਸਾਹਿਬ ਦਾ ਪਿੱਛਾ ਕਰ ਰਹੀਆਂ ਸਨ। ਭਿਆਨਕ ਸਮਾਂ ਸੀ ਤੇ ਯੁੱਧ ਹੋ ਰਿਹਾ ਸੀ ਤਾਂ ਸਤਿਗੁਰ ਕਲਗੀਧਰ ਪਾਤਸ਼ਾਹ ਭਾਈ ਦਇਆ ਸਿੰਘ ਜੀ ਨੂੰ ਕਹਿੰਦੇ ਹਨ ਕਿ ਭਾਈ ਸਾਹਿਬ ਜੀ ਮੈਨੂੰ ਭੁੱਖ ਲੱਗੀ ਹੈ। ਇਹ ਸ਼ਬਦ ਸੁਣਕੇ ਭਾਈ ਦਇਆ ਸਿੰਘ ਜੀ ਹੈਰਾਨ ਹੋ ਕੇ ਸਤਿਗੁਰ ਜੀ ਨੂੰ ਪੁੱਛਣ ਲੱਗੇ, ਸਾਹਿਬ ਜੀ ਆਪਜੀ ਨੇ ਕਦੇ ਭਲੇ ਸਮੇਂ ਵਿਚ ਵੀ ਇਹ ਲਫਜ਼ ਨਹੀਂ ਕਹੇ ਕਿ ਮੈਨੂੰ ਭੁੱਖ ਲੱਗੀ ਹੈ ਅੱਜ ਆਪ ਜੀ ਨੇ ਕਹਿ ਦਿੱਤਾ ਹੈ। ਫਿਰ ਇਸ ਵਕਤ ਖਾਣਾ ਕਿੱਥੋਂ ਆ ਸਕਦਾ ਹੈ ? ਸਤਿਗੁਰੂ ਜੀ ਨੇ ਕਿਹਾ ਭਾ: ਸਾਹਿਬ ਜੀ ਮੈਨੂੰ 'ਸਾਚੇ ਨਾਮ ਕੀ ਲਾਗੈ ਭੂਖ' ਕੀਰਤਨ ਦੀ ਭੁੱਖ ਲੱਗੀ ਹੈ। ਆਸਾ ਦੀ ਵਾਰ ਦੇ

ਕੀਰਤਨ ਦਾ ਸਮਾਂ ਹੋ ਗਿਆ ਹੈ। ਆਸਾ ਦੀ ਵਾਰ ਦੇ ਕੀਰਤਨ ਦੀ ਭੁੱਖ ਲੱਗੀ ਹੈ। ਭਾ: ਸਾਹਿਬ ਜੀ ਕਹਿਣ ਲੱਗੇ ਕਿ ਸਤਿਗੁਰੂ ਜੀ ਇਸ ਵਕਤ ਇੱਥੇ ਕੀਰਤਨ ਕਿਵੇਂ ਹੋ ਸਕਦਾ ਹੈ ? ਸਤਿਗੁਰੂ ਜੀ ਨੇ ਕਿਹਾ ਕਿ ਭਾਈ ਸਾਹਿਬ ਜੀ ਕੀਰਤਨ ਹੋਵੇਗਾ। ਉਸ ਵਕਤ ਉੱਥੇ ਕੀਰਤਨ ਹੋਇਆ ਤਾਂ ਪਾਠਕ ਜੀ ਜਾਣਦੇ ਹੋ ਕਿ ਉਸ ਵਕਤ ਉੱਥੇ ਕਿਹੜੇ ਸਾਜ ਵੱਜ ਰਹੇ ਸਨ : ਨਗਾਰੇ ਵੱਜ ਰਹੇ ਸਨ, ਢਾਲਾਂ ਖੜਕ ਰਹੀਆਂ ਸਨ, ਤੀਰ ਤੇ ਤਲਵਾਰਾਂ ਚਲ ਰਹੀਆਂ ਸਨ ਤੇ ਵਿਚਕਾਰ ਸਾਹਿਬ ਜੀ ਬੈਠ ਕੇ ਆਸਾ ਦੀ ਵਾਰ ਦਾ ਗਾਇਨ ਕਰ ਰਹੇ ਸਨ। ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਤੇ ਹੋਰ ਸਿੰਘਾਂ ਨੇ ਮਿਲਕੇ ਗੋਲ ਘੇਰਾ ਬਣਾ ਕੇ ਦੁਸ਼ਮਣ ਦੀ ਫੌਜ ਨੂੰ ਰੋਕੀ ਰੱਖਿਆ ਤੇ ਉਸ ਘੇਰੇ ਵਿਚ ਬੈਠ ਕੇ ਸਤਿਗੁਰੂ ਜੀ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਅਰਥਾਤ ਇਤਨੇ ਭਿਆਨਕ ਸਮੇਂ ਵੀ ਸਤਿਗੁਰੂ ਜੀ ਨੇ ਕੀਰਤਨ ਨਹੀਂ ਛੱਡਿਆ।

ਲੇਕਿਨ ਅਜ ਸਾਡੇ ਗੁਰਦੁਆਰਿਆਂ ਵਿਚ (ਇਤਿਹਾਸਕ ਗੁਰਦੁਆਰਿਆਂ ਨੂੰ ਛੱਡ ਕੇ) ਆਮ ਤੌਰ ਤੇ ਦੇਖਣ ਵਿਚ ਆਇਆ ਹੈ ਕਿ ਆਸਾ ਦੀ ਵਾਰ ਦੇ ਕੀਰਤਨ ਸਮੇਂ ਰਾਗੀ ਸਿੰਘ ਹੀ ਇਕੱਲੇ ਕੀਰਤਨ ਕਰਦੇ ਰਹਿੰਦੇ ਹਨ ਤੇ ਸਰੋਤਿਆਂ ਦੀ ਥਾਂ ਤੇ ਸਿਰਫ ਦਰੀਆਂ ਹੀ ਕੀਰਤਨ ਸੁਣਦੀਆਂ ਹਨ। ਸੰਗਤਾਂ ਗੁਰਦੁਆਰਿਆਂ ਦੇ ਉੱਪਰ ਉੱਚਾ ਸਪੀਕਰ ਲਗਵਾ ਕੇ ਘਰ ਹੀ ਕੀਰਤਨ ਸੁਣ ਲੈਂਦੀਆਂ ਹਨ। ਕਈ ਗੁਰਦੁਆਰਿਆਂ ਵਿਚ ਕੀਰਤਨ ਦੀ ਥਾਂ ਤੇ ਸਵੇਰੇ ਪੰਜ ਬਾਣੀਆਂ ਦੇ ਪਾਠ ਹੁੰਦੇ ਹਨ। ਜੋ ਸਮਾਂ ਗੁਰੂ ਸਾਹਿਬ ਨੇ ਕੀਰਤਨ ਦੇ ਵਾਸਤੇ ਨੀਯਤ ਕੀਤਾ ਹੈ ਉਹ ਸਮਾਂ ਅਸੀਂ ਪਾਠ ਕਰਕੇ ਲੰਘਾ ਲੈਂਦੇ ਹਾਂ ਤੇ ਜਦੋਂ ਕੀਰਤਨ ਦਾ ਵਕਤ ਹੁੰਦਾ ਹੈ ਉਸ ਸਮੇਂ ਗੁਰ ਦਰਬਾਰ ਵਿਚ ਸੁਣਨ ਵਾਲਾ ਬੰਦਾ ਹੀ ਨਹੀਂ ਹੁੰਦਾ। ਜਦੋਂ ਸੰਗਤ ਆਉਂਦੀ ਹੈ ਉਸ ਵੇਲੇ ਕੀਰਤਨ ਬੰਦ ਕਰਵਾ ਕੇ ਕਥਾ ਸ਼ੁਰੂ ਕਰ ਦਿੱਤੀ ਜਾਂਦੀ ਹੈ। ਇਹਦਾ ਮਤਲਬ ਹੈ ਕਿ ਕੀਰਤਨ ਸਿਰਫ ਸਮਾਂ ਪਾਸ ਕਰਨ ਲਈ ਕਰਵਾਉਂਦੇ ਹਾਂ। ਸੰਗਤਾਂ ਨੂੰ ਕੀਰਤਨ ਨਾਲ ਕੋਈ ਮਤਲਬ ਨਹੀਂ। ਸਤਿਗੁਰੂ ਜੀ ਨੇ ਤਾਂ ਕੀਰਤਨ ਭਿਆਨਕ ਸਮੇਂ ਵਿਚ ਵੀ ਨਹੀਂ ਛਡਿਆ ਤੇ ਅਸੀਂ ਘਰਾਂ ਵਿਚ ਸੁੱਖ ਭੋਗਦੇ, ਕਿਸੇ ਚੀਜ਼ ਦੀ ਕਮੀ ਨਹੀਂ ਫਿਰ ਵੀ ਕੀਰਤਨ ਸੁਣਨ ਨਹੀਂ ਆਂਵਦੇ ਤਾਂ ਅੱਗੋਂ ਸੱਜਣ ਜੀ ਉੱਤਰ ਦਿੰਦੇ ਹਨ ਕਿ ਭਾਈ ਸਾਹਿਬ ਤੁਹਾਨੂੰ ਕੀ ਲੱਗੇ ਤੁਸੀਂ ਤਾਂ ਗੁਰੂ ਮਹਾਰਾਜ ਨੂੰ ਕੀਰਤਨ ਸੁਣਾਉਣਾ ਹੈ, ਸੰਗਤ ਭਾਵੇਂ ਹੋਵੇ ਨਾ ਹੋਵੇ। ਸੋ ਇਹ ਢਕਾ ਉਂਸਲਾ ਹੈ, ਆਪਣੇ ਆਪ ਨੂੰ ਬਚਾਉਣ ਦਾ। ਸਾਧ ਸੰਗਤ ਜੀ ਰਾਗੀ ਸਿੰਘਾਂ ਨੇ ਗੁਰੂ ਮਹਾਰਾਜ ਨੂੰ ਕੀ ਕੀਰਤਨ ਸੁਣਾਉਣਾ ਹੈ। ਗੁਰੂ ਸਾਹਿਬ ਤਾਂ ਆਪ ਖੁਦ ਹੀ ਕੀਰਤਨ ਦਾ ਰੂਪ ਹਨ। ਸਾਰੇ ਰਾਗ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਹਨ। ਸਾਰੇ ਤਾਲ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਹਨ। ਸੋ ਸਾਧ ਸੰਗਤ ਜੀ ਕੀਰਤਨ ਤਾਂ ਆਮ ਮਨੁੱਖਾਂ ਤੇ ਗੁਰ ਸਿੱਖਾਂ ਲਈ ਹੈ ਤੇ ਗੁਰ ਸਿੱਖ ਸੁਣਨ ਲਈ ਹੀ ਤਿਆਰ ਨਹੀਂ। ਸੋ ਸਾਧ ਸੰਗਤ ਜੀ ਗੁਰੂ ਸਾਹਿਬ ਜੀ ਦੀ ਦਿੱਤੀ ਹੋਈ ਅਮੋਲਕ ਚੀਜ਼ ਨੂੰ ਸੰਭਾਲੋ। ਇਹ ਅੰਮ੍ਰਿਤ ਦਾ ਦਰਿਆ (ਚਸ਼ਮਾ) ਐਵੇਂ ਅੰਵਾਈ ਨਾ ਗਵਾਓ। ਇਸ ਵਿਚ ਚੁੱਭੀਆਂ ਮਾਰ ਕੇ ਜੀਵਨ ਸਫਲ ਕਰ ਲਈਏ। ਸਤਿਗੁਰੂ ਜੀ ਗੁਰੂ ਰਾਮਦਾਸ ਸਾਹਿਬ ਫੁਰਮਾਨ ਕਰਦੇ ਹਨ :

ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ ।
ਸਤਿਗੁਰਿ ਮੋਕਉ ਹਰਿ ਨਾਮੁ ਬਤਾਇਆ ।
ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ।੧। ਰਹਾਉ ।
ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨ ।
ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ ।
ਜੈਸੇ ਹੰਸੁ ਸਰਵਰ ਬਿਨੁ ਰਹਿ ਨ ਸਕੈ ।
ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ ।੧।
ਕਿਨਹੂੰ ਪ੍ਰੀਤਿ ਲਾਈ ਦੂਜਾ ਭਾਉ ਰਿਦ ਧਾਰਿ
ਕਿਨਹੂੰ ਪ੍ਰੀਤਿ ਲਾਈ ਮੋਹ ਅਪਮਾਨ ।
ਹਰਿ ਜਨ ਪ੍ਰੀਤਿ ਲਾਈ ਹਰਿ ਨਿਰਬਾਣ ਪਦ
ਨਾਨਕ ਸਿਮਰਤ ਹਰਿ ਹਰਿ ਭਗਵਾਨ ।੨।੪।੬੬।

ਰਾਗੁ ਆਸਾਵਰੀ ਮਹਲਾ ੪ (੩੬੯)



ਮੁਲਾਕਾਤ

# ਭਾਈ ਸੱਜਣ ਸਿੰਘ ਜੀ

## ਹਜ਼ੂਰੀ ਰਾਗੀ

ਇੰਦਰਜੀਤ ਸਿੰਘ ਗੋਗੋਆਣੀ

ਬਚਪਨ ਦਰਮਿਆਨ ਦੋ ਸਾਲ ਦੀ ਉਮਰ ਵਿਚ ਹੀ ਉਹਨਾਂ ਦੀ ਅੱਖੀਆਂ ਦੀ ਜੋਤ ਜਾਂਦੀ ਰਹੀ। ਅੱਖੀਆਂ ਦੀ ਜੋਤ ਨਾ ਸਹੀ, ਸੰਗੀਤ ਦੀ ਜੋਤ ਦੁਆਰਾ ਉਹ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਦੇ ਹੋਏ ਆਤਮਿਕ ਰੋਸ਼ਨੀ ਬਖਸ਼ ਰਹੇ ਹਨ। ਇਹ ਹਨ ਸਚਖੰਡ ਸ੍ਰੀ ਹਰਿਮੰਦਰ ਸਹਿਬ ਵਿਖੇ ਹਜ਼ੂਰੀ ਰਾਗੀ ਭਾਈ ਸੱਜਣ ਸਿੰਘ ਜੀ। ਭਾਈ ਸਾਹਿਬ ਪਿੰਡ ਮੂਲੋਵਾਲ, ਜ਼ਿਲ੍ਹਾ ਸੰਗਰੂਰ ਦੇ ਜੰਮਪਲ ਹਨ। ਉਹਨਾਂ ਦਾ ਜਨਮ 1948 ਈ: ਨੂੰ ਹੋਇਆ। ਪਿਤਾ ਦਾ ਕਿੱਤਾ ਭਾਵੇਂ ਜ਼ਿਮੀਦਾਰਾ ਹੀ ਸੀ ਪਰ ਭਾਈ ਸੱਜਣ ਸਿੰਘ ਨੂੰ ਪ੍ਰਮਾਤਮਾ ਨੇ ਮਾਰੂਥਲ ਵਾਂਗ ਤਪਦੇ ਹਿਰਦਿਆਂ ਤੇ ਸੀਤਲਤਾ ਭਰਪੂਰ ਸ਼ਬਦ ਰੂਪੀ ਅੰਮ੍ਰਿਤ ਬਖੇਰਨ ਦੀ ਕਿਰਸਾਨੀ ਬਖਸ਼ੀ। ਇਕ ਦਿਨ ਸ੍ਰੀ ਦਰਬਾਰ ਸਾਹਿਬ ਤੋਂ ਡਿਊਟੀ ਕਰਕੇ ਆ ਰਹੇ ਸੀ, ਪ੍ਰਕਰਮਾਂ ਵਿਚ ਹੀ ਮਿਲ ਪਏ, ਉਹਨਾਂ ਨਾਲ ਕੁਝ ਗੱਲਾਂ ਕਰਨ ਦਾ ਮੌਕਾ ਮਿਲਿਆ।

1. "ਭਾਈ ਸਾਹਿਬ, ਸੰਗੀਤ ਦਾ ਸ਼ੌਕ ਕਦੋਂ ਅਤੇ ਕਿਵੇਂ ਲੱਗਾ ?

ਮਹਾਰਾਜ ਦਾ ਭਾਣਾਂ, ਮੇਰੀ ਦੋ ਸਾਲ ਦੀ ਉਮਰ ਵਿਚ ਹੀ ਅੱਖੀਆਂ ਦੀ ਜੋਤ ਜਾਂਦੀ ਰਹੀ। ਮੈਨੂੰ ਤਾਂ ਕੋਈ ਮਾਲੂਮ ਨਹੀਂ ਮਾਂ ਬਾਪ ਨੇ ਦੱਸਿਆ। ਬਚਪਨ ਵਿਚ ਨਿਤਨੇਮ ਦਾ ਪਾਠ ਮੈਂ ਸੁਣਕੇ ਹੀ ਯਾਦ ਕਰ ਲਿਆ। ਦਸ ਕੁ ਸਾਲ ਦੀ ਉਮਰ ਤੱਕ ਹੀ ਮੈਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਸਿੱਧੀਆਂ ਧਾਰਨਾ ਤੇ ਸ਼ਬਦ ਪੜ੍ਹ ਲੈਂਦਾ ਸੀ। ਇਹ ਮੈਂ ਪਿੰਡ ਦੇ ਭਾਈ ਜੀ ਪਾਸੋਂ ਹੀ ਸਿੱਖਿਆ। ਬਾਅਦ ਵਿਚ ਇਛਿਆ ਜਾਗੀ ਕਿਉਂ ਨਾ ਚੰਗੀ ਤਰਾਂ ਹੀ ਸਿਖਿਆ ਜਾਵੇ।

2. "ਫਿਰ ਤੁਸੀਂ ਸੰਗੀਤ ਸਿੱਖਿਆ ਕਿੱਥੋਂ ਪ੍ਰਾਪਤ ਕੀਤੀ ?

ਮੈਂ 1958 ਵਿਚ ਡੁਮੇਲੀ (ਕਪੂਰਥਲਾ) 'ਸੰਤ ਸਰਵਣ ਸਿੰਘ ਗੰਧਰਵ' ਹੋਣਾਂ ਦੇ ਡੇਰੇ ਆ ਗਿਆ। ਪੰਦਰਾਂ ਸਾਲ ਲਗਾਤਾਰ ਉੱਥੇ ਹੀ ਰਿਹਾ। ਇਸ ਦਰਮਿਆਨ ਸੰਗੀਤ ਦੀ

ਬੀ. ਏ. ਵੀ ਕੀਤੀ। ਰਾਗ ਵਿੱਦਿਆ ਬਾਰੇ ਕਾਫੀ ਮਿਹਨਤ ਕੀਤੀ। ਮੇਰੇ ਨਾਲ ਸੰਤ ਜੀ ਹੋਣਾਂ ਦਾ ਮਾਂ-ਬਾਪ ਵਰਗਾ ਪਿਆਰ ਸੀ।

3. "ਤੁਸੀਂ ਸੁਤੰਤਰ ਤੌਰ ਤੇ ਕੀਰਤਨ ਕਰਨਾ ਕਦੋਂ ਸ਼ੁਰੂ ਕੀਤਾ ?

ਅਸੀਂ ਕੁਝ ਸਮਾਂ ਪਿੰਡ ਲੌਂਗੋਵਾਲ ਹੀ ਕੀਰਤਨ ਕਰਦੇ ਰਹੇ। ਇਕ ਦਿਨ ਸੰਤ ਹਰਚੰਦ ਸਿੰਘ ਲੌਂਗੋਵਾਲ ਸ੍ਰੀ ਦਰਬਾਰ ਸਾਹਿਬ ਮਿਲੇ। ਉਹਨਾਂ ਨੇ ਸਾਨੂੰ ਪ੍ਰੇਰਿਆ। ਸਾਡੇ ਮਨ ਦੀ ਪਹਿਲਾਂ ਹੀ ਖ਼ਾਹਸ਼ ਸੀ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਕੀਰਤਨ ਕਰੀਏ। ਪਰ ਪਹਿਲਾਂ ਅਸੀਂ 1975 ਤੋਂ 81 ਤੱਕ ਸੁਲਤਾਨਪੁਰ (ਬੇਰ ਸਾਹਿਬ) ਪੂਰੇ ਜਥੇ ਨਾਲ ਸਰਵਿਸ ਕੀਤੀ।

4. 'ਫਿਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਕਦੋਂ ਆਏ ?

1982 ਵਿਚ ਸ੍ਰ: ਟੋਹੜਾ ਸਾਹਿਬ ਨੇ ਰਾਗੀ ਸਿੰਘਾਂ ਦੀ ਇੰਟਰਵਿਊ ਰੱਖੀ। ਅਸੀਂ ਆਪਣੀ ਕਲਾ ਦੇ ਆਧਾਰ ਤੇ 'ਏ ਕਲਾਸ' ਵਿਚ ਸੀਲੈਕਟ ਹੋ ਗਏ। ਹੁਣ ਅਸੀਂ 82 ਤੋਂ ਲਗਾਤਾਰ ਇੱਥੇ ਹਰਿਮੰਦਰ ਸਾਹਿਬ ਸੇਵਾ ਕਰ ਰਹੇ ਹਾਂ।

5. "ਤੁਹਾਡੇ ਦੂਜੇ ਸਾਥੀ ਕਿਹੜੇ ਕਿਹੜੇ ਹਨ ?

ਮੇਰੇ ਨਾਲ ਭਾਈ ਰਛਪਾਲ ਸਿੰਘ ਸਾਈਡ ਤੇ ਹੈ ਅਤੇ ਭਾਈ ਗੁਰਵਿੰਦਰ ਸਿੰਘ ਜੋੜੀ ਤੇ ਹੈ। ਵੱਡੀ ਗੱਲ ਅਸੀਂ ਤਿੰਨੇ ਡੁਮੇਲੀ ਤੋਂ ਹੀ ਸਿੱਖੇ ਹਾਂ ਅਤੇ ਸ਼ੁਰੂ ਤੋਂ ਹੀ ਸਰਵਿਸ ਵੀ ਇਕੱਠੇ ਕਰ ਰਹੇ ਹਾਂ।

6. "ਕਿੰਨੇ ਕੁ ਸ਼ਬਦ ਜ਼ੁਬਾਨੀ ਯਾਦ ਹਨ ?

ਅਸੀਂ ਕਿਹੜਾ ਜੀ ਦੇਖ ਕੇ ਪੜ੍ਹ ਸਕਦੇ ਹਾਂ। ਇਸ ਲਈ ਸਾਨੂੰ ਹਰ ਚੀਜ਼ ਜ਼ੁਬਾਨੀ ਹੀ ਯਾਦ ਹੈ। ਇੰਨੀ ਕੁ ਮਹਾਰਾਜ ਦੀ ਬਖਸ਼ਿਸ਼ ਹੈ ਕਿ ਥੋੜ੍ਹਾ ਜਿਹਾ ਸੁਣਕੇ ਹੀ ਹਰ ਸ਼ਬਦ ਯਾਦ ਹੋ ਜਾਂਦਾ ਹੈ।

7. "ਕਿਹੜੇ ਕਿਹੜੇ ਰਾਗਾਂ ਅਤੇ ਤਾਲਾਂ ਵਿਚ ਕੀਰਤਨ ਕਰ ਸਕਦੇ ਹੋ ?

ਇੱਥੇ ਏ ਕਲਾਸ ਦੇ ਰਾਗੀ ਹਾਂ, ਤਕਰੀਬਨ ਹਰ ਮੁਸ਼ਕਿਲ ਗਾਇਕੀ ਅਤੇ ਤਾਲਾਂ ਬਾਰੇ ਜਾਣਕਾਰੀ ਹੈ। ਬਾਕੀ ਇਹ ਸੰਗੀਤ ਤਾਂ ਸਮੁੰਦਰ ਹੈ, ਕਿੰਨੀ ਕੁ ਡੂੰਘੀ ਚੁੱਭੀ ਕੋਈ ਲਾ ਸਕਦਾ ਹੈ।

8. "ਕੀ ਤੁਸੀਂ ਵਿਦੇਸ਼ਾਂ ਵਿਚ ਵੀ ਕੀਰਤਨ ਕਰਨ ਗਏ ਹੋ ?

ਅਸੀਂ ਇੰਗਲੈਂਡ, ਅਮਰੀਕਾ, ਕੈਨੇਡਾ ਆਦਿ ਦੇਸਾਂ ਵਿਚ ਜਾ ਆਏ ਹਾਂ। ਹੁਣ ਫੇਰ ਗਿਆਰਾਂ ਜੂਨ ਨੂੰ ਇਹਨਾਂ ਦੇਸ਼ਾਂ ਵਿਚ ਇਕ ਸਾਲ ਲਈ ਜਾ ਰਹੇ ਹਾਂ। ਮਹਾਰਾਜ ਦੀ ਕ੍ਰਿਪਾ ਨਾਲ ਸੰਗਤਾਂ ਦਾ ਅਥਾਹ ਪਿਆਰ ਹੈ।

(ਬਾਕੀ ਦੇਖੋ ਪੰਨਾ 25)

# WHAT IS KIRTAN ?

By : Dr. Gobind Singh Mansukhani

Kirtan has been defined in various ways. It means "laudatory recital, verbal and literary, of the name and qualities of a person. But its technical meaning consists in the repeated utterance of the name and description of the divine being or beings." According to Sikh religion, kirtan is the devotional singing of the praises of God in melody and rhythm. The composition is generally sung in classical raga with the appropriate tala. Though the appeal element of intellect is not ignored. The meaning and the significance of the words of the song need to be understood in all its ramifications. For Guru Tegh Bahadur, kirtan is the singing of "the glory of God with words, mind and actions." According to the Adi Granth, the praises of God can be sung, tuned, lilted, contemplated, uttered, intoned, listened to, discoursed on or played on instruments. The main aim of kirtan is to hymn the glory of God and to get spiritually closer to Him, because the goal is merger in Him. The Gurus commended it as the easiest and most effective way of spiritual fulfilment.

In kirtan, more important than the musical element is the feeling of love and devotion of the disciple. Even the best and perfect melody, unless accompanied by true belief and sincere feeling for God, may be of no avail. According to the Gurus, mere technical perfection of musical rendering and vocal skill is not kirtan. Guru Ramdas says :

' Some sing of God through vocal music, musical instruments and chanting in various ways, but the Master is not pleased thereby.

What can crying (crocodile tears) eccomplish for those who are full of fraud and sin within."

So also the singing of secular or uninspired verses of so-called holy men bring neither benefit nor solace. The Gurus disapproved the singing of geets or kachi bani composed by fake preceptors and poetasters. Guru Amardas says :

"When a person sings and you do not feel uplifted.
It is so because his singing, arising from his ego, falls flat."

Elsewhere he affirms :

"Duality can give no delight; the ego-centred finds no refuge.
Devotion cannot be produced through hypocrisy and as such the Lord is not attained."

Guru Ramdas says :
"The Lord is beyond the melodies and airs.
Merely through these, His will cannot be realised."

Pure, secular, sensual of festive type of music-even one connected with the love-stories of gods and goddesses or prophets is not kirtan. Devotional music is that which promotes equipoise of mind or meditation on Divinity. Kirtan is an aid or a catalyst to enable the individual to attune himself with the infinite. Music which is prostituted or profaned by catering to the satisfaction of lower instincts or someone's ego or for mercenary motives is known as 'fake' music.

The love of God is not won by mere music, chanting or dance. Even if the quality of music is inferior, He is won by the longing and love of the heart. Those songs are beautiful which tame the mind and link the soul with the Lord Therefore he who truly loves God is capable of doing justice to sacred music His singing process the appropriate feeling and helps in the process of meditation. He is therefore able to inspire his listeners and evoke parallel feelings among the congregation. The singer gets the stability of mind and imparts a feeling of equipoise to the audience.

Nowadays there is a tendency among the Sikhs and on the part of some Gurdwaras of relaying kirtan through tapes and loudspeakers so that the people living in the neighbourhood may listen to the sacred music. Though this activity is inspired by a good motive, it has often proved counter-productive and created a lot of hostility between Sikhs and non Sikhs and also discouraged the Sikhs from visiting the temples or joining the congregation. Similarly routine singing of a part of the Asa-di-var every

morning by professionals (ragis) or granthis in the absence of the congregation is hardly conducive to the devotion which kirtan is intended to produce. The performance of kirtan by singers lacking character and piety has often led to friction and protest. Besides, the mercenary motives of ragis often produce antipathy towards kirtan. The Gurus discouraged the performance of kirtan as a means of amassing wealth. On the other hand, they said that kirtan is meant to "cut the chain of maya or attachment to worldly goods and possessions." The aim of kirtan is to bring peace and joy to mind and to attain to the stage of sahaj (bliss). It has been observed that sometimes the singers sing the hymns in film tunes which distract the mind and bring to the listener's memory a recollection of the scenes in which the original film song was sung. That is why religious organisations like the Shiromani Committee have rightly banned the singing of Shabads in film tunes in the presence of Guru Granth Sahib.

---

(ਸਫਾ 22 ਦੀ ਬਾਕੀ)

9. "ਇੱਥੇ ਸ਼ਬਦ ਕੀਰਤਨ ਸਿਖਾਉਂਦੇ ਵੀ ਹੋ ?

ਹਾਂ ਕੁਝ ਬੱਚੇ ਬੱਚੀਆਂ ਸਿਖਦੇ ਹਨ ਪਰ ਮੈਂ ਬਿਨ੍ਹਾਂ ਫੀਸ ਦੇ ਹੀ ਸਿਖਾਉਂਦਾ ਹਾਂ।

10. "ਕੀਰਤਨ ਪ੍ਰਤੀ ਤੁਹਾਡੇ ਆਪਣੇ ਵਿਚਾਰ ਕੀ ਹਨ ?"

ਸੰਗੀਤ ਇਕ ਇਬਾਦਤ ਹੈ। ਇਸ ਦੇ ਰਿਆਜ਼ ਵਿਚ ਹੀ ਤਪ ਜੋਗ, ਸਮਾਧੀ ਸਮਾਈ ਹੋਈ ਹੈ। ਇਹ ਪੂਰਨ ਲਗਨ ਅਤੇ ਸਖਤ ਮਿਹਨਤ ਤੇ ਨਿਰਭਰ ਹੈ। ਸਦਾ ਹੀ ਕੁਝ ਨਵਾਂ ਪੜ੍ਹਦੇ, ਸੁਣਦੇ, ਲਿਖਦੇ ਰਹੀਏ ਤਾਂ ਹੀ ਕੁਝ ਪ੍ਰਾਪਤੀ ਹੋ ਸਕਦੀ ਹੈ।

11. "ਕੀਰਤਨ ਤੋਂ ਇਲਾਵਾ ਕੋਈ ਹੋਰ ਸ਼ੌਕ ?"

ਹੁਣ ਤਾਂ ਸਭ ਕੁਝ ਏਸੇ ਵਿਚ ਹੀ ਸ਼ਾਮਲ ਹੈ। ਰਿਆਜ਼ ਕਰਨਾ, ਨਾਮ ਸਿਮਰਨਾਂ ਅਤੇ ਨਵੇਂ ਸ਼ਬਦ ਤਿਆਰ ਕਰਨੇ ਇਹੋ ਹੀ ਜ਼ਿੰਦਗੀ ਦਾ ਸ਼ੌਕ ਹੈ।

---

## ਲੇਖਕਾਂ ਪ੍ਰਤੀ ਬੇਨਤੀ

'ਅੰਮ੍ਰਿਤ ਕੀਰਤਨ' ਵਿਚ ਛਪਣ ਹਿਤ ਲੇਖ ਭੇਜਣ ਵਾਲੇ ਸੱਜਣਾਂ ਦੀ ਸੇਵਾ ਵਿਖੇ ਬੇਨਤੀ ਹੈ ਕਿ ਲੇਖ ਵਿਚ ਅੰਕਤ ਗੁਰਬਾਣੀ ਦੀਆਂ ਤੁੱਕਾਂ ਲਗਾ ਮਾਤ੍ਰਾ ਆਦਿ ਨੂੰ ਸੋਧ ਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ ਨੰਬਰ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕੀਤਾ ਕਰਨ।

—ਸੰਪਾਦਕ

# सिख सम्प्रदाय के प्रसिद्ध कीर्तनकार और उनका योगदान

डा. जोगिन्द्र सिंह बावरा, जालंधर

M. Music (V & Inst.) M.A. (Music & urdu) B.Ed, P.H.D.P.E.S.

सिख कीर्तनकारों ने अपने शास्त्रीय संगीतबद्ध शब्द गायन द्वारा उत्तर भारतीय संगीत क्षेत्र में महत्वपूर्ण योगदान दिया है। कीर्तनकारों में प्रथमतः रबाबियों का स्थान आता है, जो मीरासी जाति से सम्बन्धित थे। पंचम गुरु के युग से पूर्व तक मात्र रबाबी ही कीर्तन करते रहे और भक्त जन रस मग्न होते रहे लेकिन पंचम गुरु श्री अर्जुन देव जी महाराज के समय से सिख रागी सम्यक् संगीत शिक्षा प्राप्त कर कीर्तन कार्य का सम्पादन करने लगे। पहले हम रबाबियों के योगदान पर प्रकाश डालना उचित समझते हैं।

उतर भारतीय शास्त्रीय संगीत के विकास एवं परिवर्तन में भाट, कव्वाल, मीरासी, ढ़ाढ़ी, माण्ड आदि जातियों का महत्वपूर्ण योगदान रहा है। यह जातियां संगीत गायन, वादन द्वारा अपनी जीविका का निर्वाह करती थीं। समाजिक वर्गीकरण के दृष्टिकोण से इनको निम्न वर्ग में गिना गया, परन्तु संगीत के प्रति इनकी निष्ठा द्वारा ही भारतीय शास्त्रीय संगीत जीवित रह सका है, क्योंकि भारतीय संगीत के इतिहास में एक ऐसा अन्धकार पूर्ण युग भी रहा है, जब शास्कों एवं उच्च वर्ग के शासितों दोनों के ही द्वारा संगीत उपेक्षा की दृष्टि से देखा गया। एक युग ऐसा भी आया जब पवित्र संगीत मात्र विलास का साधन समझा गया और यह बदनाम कोठों की वस्तु समझा जाने लगा। संगीत का उद्वार भी एक महत्वपूर्ण उपलब्धि है। हम अपनी दृष्टि को विषयगत मीरासियों, रबाबियों तक सीमित रख कर सिख कीर्तन द्वारा संगीत के प्रति उनके योगदान का अध्ययन करेंगे।

मीरासी जाति के लोग मूलतः हिन्दू थे जिन्होंने मुसलमान धर्म स्वीकार कर लिया था। ऐसा विद्वानों का कथन है।

"Dhadhi Mrashi were origionaly Hindus, but became Muslims by conversion. The whole class of singers and players was called Dhadhi-Mirashi."

एक अंग्रेज विद्वान का मत है कि अरब में भी एक प्रकार की जाति को मीरासी संज्ञा दी गई है। सम्भवतः यह जाति आर्थिक विषमता के कारण ही धर्म परिवर्तन के लिए वाध्य हुई होगी, जैसा कि एक विशेष काल में अधिकतर हुआ। मीरासी को मरासी, मिरासी, मराशी, भी कहा जाता है। यह लोग अपने को 'वरासी' भी कहते हैं। उनका तर्क है कि उनको संगीत कला विरासत रुप में मिली है। इनका कार्य संगीत द्वारा समाज का मनोरंजन करना तो था ही, ये लोग घर के काम काज में भी हाथ बटाते थे। शादी-विवाह की बातचीत चलाते, बहु बेटियों को सुसराल, मैके लाना, पहुंचाना, संस्कारों पर गीत गाना, नकलें उतारना, हंसी मिज़ाक की बातों द्वारा मनोरंजन करना। मीरासी को एक विश्वसनीय व्यक्ति समझा जाता था। तभी तो विवाह-शादी की बात उन्हीं द्वारा सम्पन्न होती। जो लोग संगीत में पारांगत हो जाते वह वेश्याओं के साथ तबला, सारंगी पर संगति करते, कुछ लोग उन्हें गाने की तालीम भी देते। समाज का एक वर्ग इन्हें हीन दृष्टि से देखता। संगीत को व्यवसाय रुप में अपनाने वाले को मीरासी की कोटि में गिना जाने लगा।

सर्व प्रथम श्री गुरु नानक देव जी द्वारा इस मीरासी जाति को सामाजिक प्रतिष्ठा प्राप्त हुई, जब उन्होंने अपने संगीत प्रेम से प्रेरित होकर मरदाना को, जो मीरासी जाति का था, अपना कीर्तन साथी चुना। गुरु जी, मरदाना को साथ लेकर भगवद-भजन करते हुए देश देशान्तरों में घूमते रहे। इन दोनों का साथ 45 वर्ष की अवधि तक रहा। गुरु नानक देव जी के साथ सम्पर्क होने के कारण मरदाना को 'भाई' कहे जाने की प्रतिष्ठा प्राप्त है। भाई मरदाना द्वारा रचित वाणी गुरु ग्रन्थ साहिब में सकंलित है। गुरु का संग पाकर भाई मरदाना अमर हो गए। भाई मरदाना का नाम गुरु जी के साथ जुड़ चुका है उसे पृथक नहीं किया जा सकता। मरदाना के कारण सारी मिरासी जाति पुनः आदर की दृष्टि से देखी जाने लगी। यह सब संगीत तथा गुरु जी की कृपा के सदके हुआ।

वीणाकार और रबाबी, व्यवसाय की दृष्टि से दो शाखाओं में विभाजत हुए। जो संगीतकार वीणा बजाते थे वे वीणाकार कहलाए और जो रबाब बजाते वे रबाबी कहलाते। भाई मरदाना मीरासी होते हुए भी रबाबी माने जाते और कालान्तर में उसके वंशज, जो कीर्तन का कार्य करते थे, मीरासी के स्थान पर रबाबी ही कहे गए। पंजाब में इसी दृष्टिकोण को मान्यता प्राप्त है। गुरु नानक देव जी के पहले कीर्तनकार सहयोगी के रुप में भाई मरदाना का नाम आज ही नहीं युगों तक अमर रहेगा।

**भाई मरदाना :-** भाई मरदाना इस्लाम धर्म के अनुयायी थे और मुस्लिम धर्म में भी मिरासी जाति में उत्पन्न हुए थे जो दर असल उन हिन्दू धर्मानुयायियों में से भी जिन्होंने इस्लाम किसी कारण कबूल किया था। भाई मरदाना गुरु नानक देव जी का बाल्यापन का मित्र था। संगीत दोनों को जोड़ने की कड़ी थी। मरदाना को अपना कीर्तन साथी चुन कर गुरु जी ने अपने हृदय की उदारता, मानव मात्र में समानता, ऊंच नीच का भेद भाव मिटाने का प्रत्यक्ष प्रमाण दिया। इस्लाम धर्म में संगीत और संगति व्यवसायी को कोई स्थान नही है' गुरु नानक देव जी मुसलमानों में हीन समझी जाने वाली जाति के सदस्य को जो संगीत का व्यवसाय करता है। प्रतिष्ठा प्रदान की। भाई मरदाना गायक होने के साथ-साथ रबाब वादक भी था। गुरु जी कीर्तन गायन करते और मरदाना की रबाब की तारों से सुरीली झंकार उत्पन्न होती रहती। गुरु जी कीर्तन द्वारा समाज को ईश्वर भक्ति का सन्देश देते। रबाब वाद्य का चलन भी बड़ गया।

ऐसी मान्यता हैं कि मरदाना का जन्म 1459 ई. राय भोय दी तलवण्डी, आजकल ननकाना साहिब में हुआ। इनके पिता का नाम बादरा और माता का नाम लखो था। मरनाना से पूर्व उनके यहाँ कई बच्चों ने जन्म लिया परन्तु अल्लाह को प्यारे हो जाते। माता पिता ने बालक का नाम मरजाणा (मर+जाणा=मर जाने वाला) रख दिया। गुरु जी ने जब लखो अपने बच्चे को मरजाणा सम्बोधित करते हुए सुना तो बड़े हैरान हुए। गुरु जी ने मरजाणा का परिवर्तित रुप मरदाना (मरदा+ना=मरता नहीं) कह दिया जो एक प्रकार का आर्शीवाद था।

भाई मरदाना ने गुरु जी का साथ जीवन भर निभाया। उदासियों में भी वह गुरु जीके साथ रहे। भाई मरदाना द्वारा रचित वाणी गुरु ग्रन्थ साहिब में दर्ज है। गुरु नानक देव जी द्वारा एक मुसलमान मिरासी को कीर्तन साथी चुने जाने पर गुरु जी के अनुयायियों में मीरासियों के प्रति उदार भावों का उत्पन्न होना स्वाभाविक था। गुरु जी के पश्चात गुरु गद्दी पर आसीन होने वाले गुरुओं ने भी इस परम्परा को ज्यों का त्यों जारी रखा। प्रथम चार गुरुओं के जीवन काल में रबाबी ही कीर्तनकार के रुप में सेवारत रहे। इसमें भी कोई सन्देह नहीं कि वह कीर्तनए व्यवसायक दृष्टि से निपुण भी थे और श्रोताओं को भाव विभोर, आनन्द मग्न करने में दक्ष भी थे, क्योंकि संगीत उनकी नस नस में रमा हुआ था। सोने पर सुहागे का कार्य गद्दीनशीन गुरुओं का आर्शीवाद करता। भाई मरदाना का देहान्त कब और कहां हुआ निश्चय

से कुछ नहीं कहा जा सकता। कुछ कहते हैं कि उनका देहान्त करतार पुर में हुआ और दूसरे कहते हैं कि बगदाद में हुआ। यह तो निश्चित ही है कि गुरु जी ने अपने सहयोगी की अन्तिम संस्कार (क्रियाएं) स्ववं कीं। भाई मरदाना के पश्चात उनका पुत्र शाहज़ादा गुरु जी का साथी बना। वह भी अपने पिता की भान्ति कीर्तन करता और रबाब बजाता था। गुरु जी की यात्राओं के समय साथ रहता।


*Sahni General Store*

**2-Dukhniwarn Market, PATIALA Punjab**

Authorised Wholesaler :

HMV Amrit ras T-Series

AMV MVI CVI Amrit Vani

Also Deals in :—

Shabad Gurbani Vedio Cassettes


# ਰਾਗ ਮਧੂਵੰਤੀ ਤਿੰਨ ਤਾਲ

ਪ੍ਰੋ: ਤਾਰਾ ਸਿੰਘ

ਇਸ ਰਾਗ ਦੀ ਰਚਨਾ ਟੋਡੀ ਥਾਟ ਤੋਂ ਮੰਨੀ ਗਈ ਹੈ। ਇਸ ਵਿਚ ਗੰਧਾਰ ਕੋਮਲ, ਮੱਧਮ ਤੀਬਰ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਆਰੋਹੀ ਵਿੱਚ ਰਿਸ਼ਭ ਅਤੇ ਧੈਵਤ ਵਰਜਿਤ, ਅਵਰੋਹੀ ਵਿੱਚ ਪੂਰੇ ਸੁਰ ਪ੍ਰਯੋਗ ਕੀਤੇ ਜਾਂਦੇ ਹਨ। ਇਸ ਲਈ ਇਸਦੀ ਜਾਤੀ ਔਡਵ-ਸੰਪੂਰਨ ਮੰਨੀ ਜਾਂਦੀ ਹੈ। ਵਾਦੀ ਪੰਚਮ ਸੰਵਾਦੀ ਰਿਸ਼ਭ ਹੈ। ਇਸ ਦਾ ਗਾਇਨ ਸਮਾਂ ਦਿਨ ਦਾ ਤੀਜਾ ਪਹਿਰ ਹੈ।

**ਆਰੋਹ :** ਨ਼ ਸ ਗੁ ਮੇ ਪ, ਨ ਸਂ

**ਅਵਰੋਹੀ :**—ਸਂ ਨ, ਧ ਪ, ਮੇ ਗੁ ਰ ਸ

**ਪਕੜ :**—ਨ਼ਸ ਗੁ ਮੇ ਪ, ਮੇ ਗੁ, ਮੇ ਗੁ ਰ S ਸ।

ਮੁਖ ਵਾਕ ਪਾਤਸ਼ਾਹੀ ੧੦ (ਦਸਮ ਗ੍ਰੰਥ, ਚੰ)

ਮਾਸ ਅਸੂ ਹਮ ਕਾਨ੍ਹਹ ਕੇ ਸੰਗਿ ਖੇਲਤ ਚਿੱਤ ਹੁਲਾਸ ਬਢਾਈ
ਕਾਨ੍ਹ ਤਹਾਂ ਪੁਨ ਗਾਵਤ ਥੇ, ਅਤਿ ਸੁੰਦਰ ਰਾਗਨ ਤਾਨ ਬਸਾਈ।
ਗਾਵਤ ਥੀ ਹਮ ਹੂ ਸੰਗਿ ਤਾਹੀ ਕੇ, ਤਾ ਛਬਿ ਕੋ ਬਰਨਯੋ ਨਹੀਂ ਜਾਈ।
ਤਾ ਸੰਗ ਮੈ ਸੁਖਦਾਇਕ ਥੀ ਰਿਤੁ, ਸਯਾਮ ਬਿਨਾ ਅਬ ਭੀ ਦੁਖਦਾਈ।

# ਰਾਗ ਮਧੁਵੰਤੀ

| X | 2 | 0 | 3 |
|---|---|---|---|
| | ਸਥਾਈ : | ਪਮੇ ਗੁਮੇ ਪਨੀ ਸਾਂਨੀ | ਧਪ ਮੇਪ ਗੁ ਮੇ |
| | | ਮਾs ss ਸs ਅs | ਸੁs ss ਹ ਮ |
| ਪ — ਗੁ ਮੇ | ਗੁ ਰੇ ਸਾ ਸਾ | s ਨ਼ੀਸਾ ਮੇ ਗੁ | ਪ — ਪ ਪ |
| ਕਾ s ਨੁ ਰ | ਕੇ s ਸੰ ਗਿ | s ਖੇs ਲ ਤ | ਚਿੱ s ਤ ਹੁ |
| ਪਮੇ ਗੁਮੇ ਪਧ ਮੇਪ | ਗੁ ਰੇ ਸਾ — | — ਪਨ਼ੀ ਸਾ ਮੇ | ਗੁ ਰੇ ਸਾ ਸਾ |
| ਲਾs ss ਸs ਬs | ਢਾ s ਈ s | s ਕਾs ਨ਼ ਤ | ਹਾਂ s ਪੁ ਨ |
| —ਸਾਗੁ ਮੇਪ ਮੇ | ਪ — ਗੁ ਮੇ | ਪ ਨੀ ਸਾਂ ਗੁ | ਰੰ — ਸਾਂ ਸਾਂ |
| s ਗਾs ਵs ਤ | ਥੋ s ਅ ਤਿ | ਸੁੰ s ਦ ਰ | ਰਾ s ਗ ਨ |
| ਸਾਂਨੀ ਪਨੀ ਸਾਂਰੇਂ ਸਾਂਨੀ | ਧਪ ਮੇਗੁ ਰਸਾ ਨ਼ੀਸਾ | | |
| ਤਾs ss ਨs ਬs | ਸਾs ss ਈs ss | | |
| | ਅੰਤਰਾ : | — ਪ ਪ ਪ | ਮੇਪ ਧਪ ਗੁਮੇ |
| | | s ਗਾ ਵ ਤ | ਥੀs ss ਹ ਮ |
| ਮੇਪ ਨੀਸਾਂ ਸਾਂ ਨੀ | ਸਾਂ ਨੀ ਸਾਂ ਸਾ | — ਪਨੀ ਸਾਂ ਗੁਂ | ਰੇਂ — ਸਾਂ ਸਾਂ |
| ਹੁੰs ss ਸੰ ਗਿ | ਤਾ s ਹੀ ਕੇ | s ਤਾs ਛ ਬਿ | ਕੋ s ਬ ਰ |
| ਪਨੀ ਸਾਂਰੇਂ ਨੀ ਸਾਂ | ਧ — ਮੇ ਪ | — ਪ ਗੁ ਮੇ | ਗੁਮੇ ਪਧ ਮੇ ਪ |
| ਨਯੋਂs ss ਨ ਹੀ | ਜਾ s ਈ s | s ਤਾ ਸੰ ਗ | ਮੈਂs ss ਸੁ ਖ |
| — ਮੇਗੁ ਰ ਸ | ਰੇਂ — ਸਾ ਸਾ | — ਨ਼ੀਸਾ ਮੇ ਗੁ | ਪ — ਗੁ ਮੇ |
| s ਦਾs ਇ ਕ | ਥੀ s ਰਿ ਤੁ | s ਸਿਯਾ ਮ ਬਿ | ਨਾ s ਅ ਬ |
| ਧਨੀ ਸਾਂਰੇਂ ਸਾਂਨੀ ਧਪ | ਮੇਪ ਗੁਮੇ ਗੁਰੇ ਸਾ | | |
| ਥੀs ss ਦੁs ਖs | ਦਾs ss ਈs | | |

# ਰਾਗ ਬਰਿੰਦਾਬਨੀ ਸਾਰੰਗ

(ਭਾਈ ਕੁਲਵੰਤ ਸਿੰਘ ਚੰਦਨ)

**ਵਿਵਰਣ :**—ਇਹ ਰਾਗ ਕਾਫ਼ੀ ਥਾਟ ਤੋਂ ਪੈਦਾ ਹੁੰਦਾ ਹੈ । ਇਸ ਰਾਗ ਵਿਚ ਗ ਅਤੇ ਪ ਸੁਰ ਵਰਜਿਤ ਹੁੰਦੇ ਹਨ। ਇਸ ਵਿਚ ਸ਼ੁੱਧ ਅਤੇ ਕੋਮਲ ਦੋਨੋਂ ਨੀ ਪ੍ਰਯੋਗ ਵਿਚ ਆਉਂਦੇ ਹਨ। ਅਰੋਹ ਵਿਚ ਸ਼ੁਧ ਨੀ ਲਗਦਾ ਹੈ ਅਤੇ ਅਵਰੋਹ ਵਿੱਚ ਕੋਮਲ ਨੀ। ਗਾ ਅਤੇ ਧਾ ਸੁਰ ਵਰਜਿਤ ਹੋਣ ਕਰਕੇ ਇਸ ਰਾਗ ਦੀ ਜਾਤੀ ਔਡਵ-ਔਡਵ ਹੈ । ਵਾਦੀ ਸੁਰ ਰੇ ਅਤੇ ਸੰਵਾਦੀ ਸੁਰ ਪ ਹੁੰਦਾ ਹੈ। ਗਾਉਣ ਦਾ ਸਮਾਂ ਦਿਨ ਦਾ ਤੀਸਰਾ ਪਹਿਰ (ਦਿਨ ਦੇ 12 ਵਜੇ ਤੋਂ ਬਾਦ) ਦਾ ਹੈ i

ਆਰੋਹ -- ਸਾ, ਰੇ ਮ ਪ ਨੀ ਸਂ ।

ਅਵਰੋਹ — ਸਂ ਨ਼ੀ ਪ ਮ ਰੇ ਨ਼ੀ ਸ ।

ਪਕੜ — ਰੇ ਮ ਪ, ਮ ਰੇ ਨ਼ੀ ਸ ।

**ਸਾਰੰਗ ਮਹਲਾ ਪ**

ਮੋਹਨੀ ਮੋਹਤ ਰਹੈ, ਨਾ ਹੋਰੀ ॥
ਸਾਧਿਕ ਸਿਧ ਸਗਲ ਕੀ ਪਿਆਰੀ, ਤੁਟੈ ਨ ਕਾਹੂ ਤੋਰੀ ॥ਰਹਾਓ॥
ਖਟੁ ਸਾਸਤ੍ਰ ਉਚਰਤ ਰਸਨਾਗਰ, ਤੀਰਥ ਗਵਨ ਨ ਥੋਰੀ ॥
ਪੂਜਾ ਚਕ੍ਰ ਬਰਤ ਨੇਮ ਤਪੀਆ, ਊਹਾ ਗੈਲਿ ਨ ਛੋਰੀ ॥
ਅੰਧ ਕੂਪ ਮਹਿ ਪਤਿਤ ਹੋਤ ਜਗ, ਸੰਤਹੁ ਕਰਤੁ ਪਰਮਗਤਿ ਮੋਰੀ ॥
ਸਾਧ ਸੰਗਤਿ ਨਾਨਕ ਭਇਓ ਮੁਕਤਾ, ਦਰਸ਼ਨ ਪੇਖਤ ਭੋਰੀ ॥

**ਸੁਰ ਲਿਪੀ, ਰਾਗ ਬਰਿੰਦਾਬਨੀ ਸਾਰੰਗ, ਤਿੰਨ ਤਾਲ, ਮਾਤ੍ਰਾ-16**

ਸਥਾਈ —

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਨੀ | ਸਂ | ਨ਼ੀ | ਪ | ਮ | ਰੇ | ਨ਼ੀ | ਸ |
| | | | | | | | | ਮੋ | ਹ | ਨੀ | S | ਮੋ | ਹ | ਤ | ਰ |
| ਰੇ | ਰੇ | ਮ | ਮ | ਪ | ਪ | ਮ | ਪ | ਰੇ | ਰੇ | ਰੇ | ਮ | ਰੇ | ਰੇ | ਸਾ | ਸਾ |
| ਹੈ | S | S | ਨਾ | ਹੋ | S | ਰੀ | S | ਸਾ | S | ਧਿ | ਕ | ਸਿ | ਧ | S | ਸ |
| ਨ਼ੀ | ਸ | ਰੇ | ਸਾ | ਨ਼ੀ | ਨ਼ੀ | ਪ | ਪ | ਨੀ | ਨੀ | ਨੀ | ਨੀ | ਸਂ | ਸਂ | ਸਂ | ਸਂ |
| ਗ | ਲ | ਕੀ | S | ਪਿਆ | S | ਰੀ | S | ਤੁ | ਟੈ | S | ਨ | ਕਾ | S | ਹੂ | S |
| ਨੀ | ਸਂ | ਰੇਂ | ਸਂ | ਨ਼ੀ | ਪ | ਮ | ਪ | | | | | | | | |
| ਤੋ | S | S | S | ਰੀ | S | S | S | | | | | | | | |
| X | | | | 2 | | | | 0 | | | | 3 | | | |

ਅੰਤਰਾ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਪ | ਪ | ਪ | ਪ | ਨ਼ੀ | ਪ | ਨੀ | ਨੀ |
| | | | | | | | | ਖ | ਟੁ | ਸਾ | ਸ | ਤ੍ਰ | S | ਉ | ਚ |
| ਸਂ | ਸਂ | ਸਂ | ਸਂ | ਰੇਂ | ਨੀ | ਸਂ | ਸਂ | ਨੀ | ਨੀ | ਨੀ | ਨੀ | ਸਂ | ਸਂ | ਸਂ | ਸਂ |
| ਰ | ਤ | ਰ | ਸ | ਨਾ | S | ਗ | ਰ | ਤੀ | S | ਰ | ਥ | ਗ | ਵ | ਨ | ਨਾ |
| ਨੀ | ਸਂ | ਰੇਂ | ਸਂ | ਨ਼ੀ | ਪ | ਮ | ਪ | | | | | | | | |
| ਥੋ | S | S | S | ਰੀ | S | S | S | | | | | | | | |
| X | | | | 2 | | | | 0 | | | | 3 | | | |

# ਸੰਗੀਤ ਅਤੇ ਕੀਰਤਨ ਕੈਸਟਾਂ

## ਮੇਰਾ ਸਤਿਗੁਰੂ ਪਿਆਰਾ

### ਭਾਈ ਹਰਜਿੰਦਰ ਸਿੰਘ ਰਾਗੀ (ਸ੍ਰੀਨਗਰ ਵਾਲੇ)

ਐਸ. ਐਮ. ਵੀ. ਕੰਪਨੀ ਨੇ ਭਾਈ ਹਰਜਿੰਦਰ ਸਿੰਘ ਰਾਗੀ (ਸ੍ਰੀ ਨਗਰ ਵਾਲੇ) ਅਤੇ ਸੰਤ ਅਨੂਪ ਸਿੰਘ ਜੀ ਦੇ ਕੀਰਤਨ ਦੀ ਇਕ ਕੈਸਟ ਤਿਆਰ ਕੀਤੀ ਹੈ। ਇਸ ਕੈਸਟ ਵਿਚ ਲਾਈਵ ਰਿਕਾਰਡਿੰਗ ਵਾਲਾ ਕੀਰਤਨ ਹੈ। ਲਾਈਵ ਰਿਕਾਰਡਿੰਗ ਵਿਚ ਕੀਰਤਨੀਆਂ ਪੂਰੀ ਸ਼ਿਦਤ ਨਾਲ ਕੀਰਤਨ ਕਰਦਾ ਹੈ ਇਸ ਲਈ ਮੇਰਾ ਵਿਸ਼ਵਾਸ ਹੈ ਕਿ ਅਜਿਹੀ ਰਿਕਾਰਡਿੰਗ ਸਟੂਡੀਓ ਰਿਕਾਰਡਿੰਗ ਨਾਲੋਂ ਸੰਗੀਤਕ ਪੱਖੋਂ ਬਿਹਤਰ ਹੁੰਦੀ ਹੈ। ਇਸ ਕੈਸਟ ਦੀ ਏ ਸਾਈਡ ਤੇ ਭਾਈ ਹਰਜਿੰਦਰ ਸਿੰਘ ਹੋਰਾਂ ਦੇ ਤਿੰਨ ਸ਼ਬਦ ਰਿਕਾਰਡ ਹੋਏ ਹਨ। ਮੇਰਾ ਸਤਿਗੁਰੂ ਪਿਆਰਾ, ਕਿਤ ਬਿਧ ਮਿਲੈ ਹਿਕ ਭੋਰੀ ਨਾ ਵਿਛੋੜ, ਮਨ ਮੇਰੇ ਸਤਿਗੁਰੂ ਕੈ ਭਾਣੈ ਚਲ।

ਭਾਈ ਹਰਜਿੰਦਰ ਸਿੰਘ ਹੋਰਾਂ ਨੇ ਨਿਰੋਲ ਕੀਰਤਨ ਨੂੰ ਮੁੜ ਸਤਿਕਾਰਯੋਗ ਸਥਾਨ ਦਿਵਾਇਆ ਹੈ। ਜਦੋਂ ਕਿ ਭਾਈ ਹਰਬੰਸ ਸਿੰਘ (ਜਗਾਧਰੀ ਵਾਲੇ) ਜਿਹੇ ਸੁਰੀਲੇ ਅਤੇ ਸੁਲਝੇ ਹੋਏ ਕੀਰਤਨੀਏ ਨੂੰ ਵੀ ਆਪਣੀ ਗਾਇਕੀ ਤੇ ਵਿਸ਼ਵਾਸ ਨਾ ਰਿਹਾ ਅਤੇ ਉਹ ਵੀ ਵਿਆਖਿਆ ਨਾਲ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕਰਨ ਲਗ ਪਏ, ਅਜਿਹੇ ਸਮੇਂ ਭਾਈ ਹਰਜਿੰਦਰ ਸਿੰਘ ਹੋਰਾਂ ਨਾਲ ਨਿਰੋਲ ਕੀਰਤਨ ਕੈਸਟਾਂ ਵਿਚ ਮੁੜ ਪ੍ਰਧਾਨ ਹੋਣ ਲਗ ਪਿਆ ਹੈ। ਭਾਈ ਹਰਜਿੰਦਰ ਸਿੰਘ ਵਿਚ ਗਾਇਕੀ, ਗਲਾ ਅਤੇ ਗਾਇਨ ਸਮਰਥਾ ਹੈ ਪਰ ਉਹ ਆਪਣੀ ਪ੍ਰਤਿਭਾ ਨੂੰ ਫਿਲਮੀ ਤਰਜ਼ਾਂ ਉੱਤੇ ਕੀਰਤਨ ਕਰਕੇ ਨਾ ਗੁਆਉਣ ਤਾਂ ਉਨ੍ਹਾਂ ਦਾ ਆਦਰ ਹੋਰ ਵੀ ਵਧੇਗਾ।

ਇਸ ਕੈਸਟ ਦੀ ਬੀ ਸਾਈਡ ਉਤੇ ਸੰਤ ਅਨੂਪ ਸਿੰਘ ਜੀ ਦੇ ਗਾਇਨ ਕੀਤੇ ਦੋ ਸ਼ਬਦ ਰਿਕਾਰਡ ਕੀਤੇ ਹਨ।

ਕੈਸਟ ਤੇ ਕਵਰ ਤੇ ਭਾਵੇਂ ਸੰਤ ਅਨੂਪ ਸਿੰਘ ਜੀ ਨੂੰ ਭਾਈ ਹਰਜਿੰਦਰ ਸਿੰਘ ਨਾਲੋਂ ਘੱਟ ਹਾਈਲਾਈਟ ਕੀਤਾ ਹੈ ਪਰ ਕੀਰਤਨ ਪੱਖੋਂ ਇਸ ਕੈਸਟ ਵਿਚ ਸੰਤ ਜੀ ਦਾ ਪ੍ਰਭਾਵ ਵਧੇਰੇ ਹੈ। ਸੰਤ ਜੀ ਦੇ ਗਾਏ ਦੋਵੇਂ ਸ਼ਬਦ-ਮੇਰੇ ਜੀਅੜਿਆ, ਅਤੇ ਨਾਨਕ ਚਾਉ ਇਹ, ਉਨ੍ਹਾਂ ਦੀ ਨਿਵੇਕਲੀ ਪ੍ਰਤਿਭਾ ਦੇ ਲਖਾਇਕ ਹਨ। ਭਾਵੇਂ ਉਨ੍ਹਾਂ ਨੇ ਕਲਾਸੀਕਲ ਰੰਗ ਜਾਂ ਗੁਰਮਤਿ ਸੰਗੀਤ ਦੀ ਗਾਇਕੀ ਦਾ ਪ੍ਰਭਾਵ ਨਹੀਂ ਦਿੱਤਾ ਪਰ ਉਨ੍ਹਾਂ ਦੀ ਸੰਗੀਤ ਸੂਝ ਤੋਂ ਆਸਾਂ ਬੱਝਦੀਆਂ ਹਨ। ਆਪ ਹਰਮੋਨੀਅਮ ਵਜਾਉਣ ਵਿਚ ਵੀ ਪ੍ਰਬੀਨ ਹਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਕੀਰਤਨ ਵਿਚ ਹਰਮੋਨੀਅਮ ਵਜਾਉਣ ਵੇਲੇ ਚੰਚਲਤਾਈ ਤੋਂ ਗੁਰੇਜ਼ ਕਰਦਿਆਂ ਆਪਣੇ ਨਾਮ ਨਾਲ ਲਗੇ 'ਸੰਤ' ਪਦ ਨੂੰ ਸਾਰਥਕ ਕਰਨ।

ਇਹ ਕੈਸਟ ਅਜੋਕੇ ਸਮੇਂ ਵਿਚ ਰਿਕਾਰਡ ਹੋਇਆ ਕੈਸਟਾਂ ਵਿਚ ਮਹੱਤਵਪੂਰਨ ਕਹੀ ਜਾ ਸਕਦੀ ਹੈ।

—ਜ. ਸ.

## ਚਿੱਠੀਆਂ ਦਰਦਾਂ ਦੀਆਂ

ਕੋਈ ਵੇਲਾ ਹੁੰਦਾ ਸੀ, ਜਦੋਂ ਸ਼ੌਕੀ ਸ਼ੌਕੀ ਹੁੰਦਾ ਸੀ। ਢਾਡੀ ਤਾਂ ਹੋਰ ਵੀ ਵਧੇਰੇ ਸਨ, ਪਰ ਲੋਕ ਸਿਰਫ ਅਮਰ ਸਿੰਘ ਸ਼ੌਕੀ ਨੂੰ ਹੀ ਜਾਣਦੇ ਸਨ। ਉਨ੍ਹਾਂ ਦੇ ਸਵਰਗਵਾਸ ਹੋਣ ਨਾਲ ਢਾਡੀ ਸੰਸਾਰ ਨੂੰ ਕਾਫੀ ਧੱਕਾ ਲੱਗਾ ਸੀ। ਇਸ ਵੇਲੇ ਉਨ੍ਹਾਂ ਦੇ ਜਥੇ ਦੀ ਅਗਵਾਈ ਉਨ੍ਹਾਂ ਦਾ ਪੁੱਤਰ ਗਿਆਨੀ ਪਰਗਟ ਸਿੰਘ ਸ਼ੌਕੀ ਕਰ ਰਿਹਾ ਹੈ। ਗਿਆਨੀ ਭੱਜਲਾਂ ਵਾਲਿਆਂ ਦੇ ਜਥੇ ਦੀ ਪਹਿਲੀ ਕੈਸੇਟ ਲੁਧਿਆਣਾ ਦੀ ਕੰਪਨੀ ਪਰਗਟ ਸਿੰਘ ਸ਼ੌਕੀ ਦੀ ਅਗਵਾਈ ਵਿਚ ਇਸ "ਕੈਪੀਟਲ" ਕੈਸੇਟ ਇੰਡਸਟਰੀਜ਼ ਵਾਲਿਆ ਨੇ 'ਚਿੱਠੀਆਂ ਦਰਦਾਂ ਦੀਆਂ' ਟਾਈਟਲ ਨਾਲ ਰਿਲੀਜ਼ ਕੀਤੀ ਹੈ।

ਇਸ ਜ਼ਥੇ ਵਿਚ ਗਿਆਨੀ ਪਰਗਟ ਸਿੰਘ ਸ਼ੌਕੀ ਦੇ ਨਾਲ ਹਨ :ਸਵਰਾਜ ਸਿੰਘ, ਲਛਮਣ ਸਿੰਘ ਚੋਪੜਾ ਅਤੇ ਬਹਾਦਰ ਸਿੰਘ ਸੇਹ। ਕੈਸੇਟ ਵਿਚ ਇਤਿਹਾਸ ਦੇ ਵੱਖ ਵੱਖ ਪ੍ਰਸੰਗਾਂ ਨੂੰ ਗਾਇਆ ਗਿਆ ਹੈ। ਹੋਲੀ ਦੇ ਤਿਉਹਾਰ ਦੇ ਮੌਕੇ ਅਨੰਦਪੁਰ ਸਾਹਿਬ ਵਿਚ ਖਾਲਸਾ ਪੰਥ ਦੀ ਸਾਜਨਾ ਕਰਕੇ ਗੁਰੂ ਗੋਬਿੰਦ ਸਿੰਘ ਵਲੋਂ ਹੋਲੀ ਨੂੰ ਹੋਲੇ ਵਿਚ ਬਦਲਣਾ, ਬਾਲਕ ਗੁਰੂ ਗੋਬਿੰਦ ਸਿੰਘ ਵਲੋਂ ਗੰਗਾ ਵਿੱਚ ਕੰਗਣ ਸੁੱਟ ਕੇ ਮਾਤਾ ਜੀ ਨੂੰ ਆਉਣ ਵਾਲੇ ਸਮੇਂ ਦੀ ਕਹਾਣੀ ਦੱਸਣਾ, ਆਦਿ ਅਤੇ ਸਵਰਗੀ ਅਮਰ ਸਿੰਘ ਸ਼ੌਕੀ ਦੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿਚ ਲਿਖੀ ਚਿੱਠੀ ਆਦਿ ਪ੍ਰਸੰਗਾਂ ਨੂੰ ਇਸ ਢਾਡੀ ਜਥੇ ਨੇ ਬਾਖੂਬੀ ਗਾਇਆ ਹੈ।

ਜ਼ਥੇ ਦੀ ਇਹ ਪਹਿਲੀ ਕੈਸੇਟ ਹੋਣ ਦੇ ਬਾਵਜੂਦ ਵੀ ਗਾਇਨ ਪੱਖੋਂ ਵਧੀਆ ਹੈ, ਜਿਸ ਕੈਸੇਟ ਦੀ ਰਿਕਾਰਡਿੰਗ ਜਗਦੀਸ਼ ਸਿੰਘ ਹੱਥੋਂ ਹੋ ਜਾਵੇ, ਉਸ ਵਿਚ ਨੁਕਸ ਲੱਭਣਾ ਵੈਸੇ ਵੀ ਔਖਾ ਹੁੰਦਾ ਹੈ।

ਸੁਰਿੰਦਰ ਸਿੰਘ

## ਬਾਬੂ ਸਿੰਘ ਦੀਆਂ ਗਜ਼ਲਾਂ ਤੇ ਗੀਤ

'ਪ੍ਰੇਮ ਖਤ' ਨਾਮਕ ਕੈਸਟ ਸੀ.ਬੀ ਐੱਸ. ਕੰਪਨੀ ਨੇ ਰਿਲੀਜ਼ ਕੀਤਾ ਹੈ। ਇਸ ਵਿਚ ਪ੍ਰੇਮ ਖਤ, ਇਜ਼ਤ ਸੇ ਘੂਮਤਾ ਹੂੰ, ਹੰਗਾਮਾ-ਏ-ਮੁਹੱਬਤ ਆਦਿ ਦਸ ਨਜ਼ਮਾ ਪੇਸ਼ ਕੀਤੀਆਂ ਹਨ ਗਾਇਕੀ ਪੱਖੋਂ ਇਹ ਗੀਤ ਅਤੇ ਗਜ਼ਲ ਦੇ ਵਿਚਕਾਰ ਹੈ। ਬਾਬੂ ਸਿੰਘ ਦੀ ਆਵਾਜ ਪ੍ਰਭਾਵਸ਼ਾਲੀ ਹੈ। ਕੈਸਟ ਦੀ ਕੀਮਤ ਪੰਝੀ ਰੁਪਏ ਹੈ।

## ਧ੍ਰਬ ਘੋਸ਼ ਦੀ ਸਾਰੰਗੀ

ਮੈਗਨਾਸਾਉਂਡ ਨਾਮਕ ਕੰਪਨੀ ਨੇ ਧ੍ਰਬਘੋਸ਼ ਦੀ ਸਾਰੰਗੀ ਨੂੰ ਰਿਕਾਰਡ ਕੀਤਾ ਹੈ। ਕਲਾਸੀਕਲ ਸੰਗੀਤ ਨੂੰ ਮਾਣਨ ਵਾਲਿਆਂ ਲਈ ਇਹ ਕੈਸਟ ਆਨੰਦ ਦਾਇਕ ਹੈ।

'ਏ' ਸਾਈਡ ਤੇ ਰਾਗ ਤਿਲਕ ਕਾਮੋਦ ਅਤੇ ਤਾਲ ਕਹਿਰਵਾ ਵਿਚ ਲੋਕ ਧੁਨ ਕਜਰੀ ਪੇਸ਼ ਕੀਤੀ ਹੈ। 'ਬੀ' ਸਾਈਡ ਤੇ ਰਾਗ ਬਿਹਾਗ ਅਤੇ ਰਾਗ ਬਹਾਰ ਦੀ ਪੇਸ਼ਕਾਰੀ ਮਨਮੋਹਕ ਹੈ। ਤਬਲੇ ਉੱਤੇ ਸੰਗਤ ਨਮਨ ਘੋਸ਼ ਨੇ ਕੀਤੀ ਹੈ। ਇਸ ਦੀ ਕੀਮਤ ਪੈਂਤੀ ਰੁਪਏ ਹੈ।